**Online Edition** **Estd: 2000**

ਅਕਤੂਬਰ / Oct. - 2021
ਸਾਲ / Year - 05
ਅੰਕ / Edition - 07
ਸਫੇ / Page - 12

Anual Subcription 500/-

Regd Office:
1195, Ajit Nagar
Moga-142001 (Punjab)

International

ਦਿਲਚਸਪ ਅਤੇ ਗਿਆਨ ਭਰਪੂਰ ਸਮੱਗਰੀ ਲਈ

# ਮਹਿਕ ਵਤਨ ਦੀ

## 'Mehak Watan Di Live' • ਲਾਈਵ

ਮੁੱਖ ਸੰਪਾਦਕ: ਭਵਨਦੀਪ ਸਿੰਘ ਪੁਰਬਾ * ਵਟਸਐਪ ਅਤੇ ਹੈਲਪਲਾਈਨ: (+91) 9988-92-9988

Regd No. PUNPUN 04016 * Help Line: 9988-92-9988 * E-mail: mehakwattandi@rediffmail.com * www.mehakwatandilive.com

facebook
www.facebook/mehakwatandilive

ਮਹਿਕ ਵਤਨ ਦੀ ਲਾਈਵ ਦੀਆਂ ਖ਼ਬਰਾਂ ਅਤੇ ਲੇਖਾਂ ਬਾਰੇ ਆਪਣੇ ਵਿਚਾਰ ਸਾਂਝੇ ਕਰਨ ਲਈ ਸਾਡੇ ਫੇਸਬੁੱਕ ਪੇਜ ਉਤੇ ਵੀ ਲਾਗਇਨ ਕਰ ਸਕਦੇ ਹੋ।

ਦੇਸ਼, ਵਿਦੇਸ਼ ਅਤੇ ਪੰਜਾਬ ਦੀਆਂ ਤਾਜ਼ੀਆਂ ਖ਼ਬਰਾਂ ਆਨਲਾਈਨ ਪੜ੍ਹਨ ਲਈ ਕਲਿੱਕ ਕਰੋ
www.mehakwatandilive.com

### ਅੰਦਰ ਪੜ੍ਹੋ


- ਰੱਖੜੀ ਦੇ ਤਿਉਹਾਰ ਦਾ ਸਾਡੇ ਸਿੱਖ ਧਰਮ ਨਾਲ ਸਬੰਧ ਨਹੀਂ ਹੈ - ਬਾਬਾ ਬਲਦੇਵ ਸਿੰਘ ਮੰਡੀਰਾਂ
- ਮਧਾਣੀਆਂ, ਮਧਾਣੀਆਂ, ਮਧਾਣੀਆਂ
- ਦਰਸ਼ਕਾਂ ਦੇ ਦਿਲਾਂ 'ਤੇ ਰਾਜ ਕਰੇਗੀ ਰਵਲੀਨ ਕੌਰ
- ਫਲਾਂ ਦਾ ਰਾਜਾ ਅੰਬ ਸਵਾਦ ਅਤੇ ਭਰਪੂਰ ਪੋਸ਼ਣ ਦਿੰਦਾ ਹੈ
- ਹਾਰ ਵਿੱਚ ਹੀ ਜਿੱਤ ਛੁਪੀ ਹੁੰਦੀ ਹੈ
- ਖੇਡਾਂ ਆਪਸੀ ਪਿਆਰ ਮੇਲ ਮਿਲਾਪ ਖਿਲਾਰ ਸਕਦੀਆਂ ਨੇ


ਖ਼ਬਰਾਂ ਅਤੇ ਰਚਨਾਵਾਂ ਭੇਜਣ ਵਾਸਤੇ ਈ-ਮੇਲ
chief_editor@mehakwatandilive.com
mehakwattandi@rediffmail.com



## ਨਾਨਕਸਰ ਠਾਠ ਮੰਡੀਰਾਂ ਵਿਖੇ ਬਾਬਾ ਨੰਦ ਸਿੰਘ ਜੀ ਦੀ ਸਲਾਨਾ ਬਰਸੀ ਬੜੀ ਸਰਧਾ ਤੇ ਧੂਮਧਾਮ ਨਾਲ ਮਨਾਈ ਗਈ

### ਬਾਬਾ ਬਲਦੇਵ ਸਿੰਘ ਮੰਡੀਰਾਂ ਅਤੇ ਭਾਈ ਹਰਪ੍ਰੀਤ ਸਿੰਘ ਡੋਨੀ ਵੱਲੋਂ ਸੇਵਾਦਾਰ ਨੂੰ ਕੀਤਾ ਗਿਆਂ ਸਨਮਾਨਿਤ

## ਅਜੋਕੇ ਰਾਵਣਾਂ ਨੇ ਤਾਂ ਅੱਤਿਆਚਾਰ ਦੀ ਹੱਦ ਹੀ ਪਾਰ ਕਰ ਦਿੱਤੀ ਹੈ



ਚਲੋ... ਦੁਸਹਿਰੇ ਦੇ ਬਹਾਨੇ ਆਪਸੀ ਭਾਈਚਾਰਕ ਸਾਂਝ ਤਾਂ ਪੈਦਾ ਹੁੰਦੀ ਹੈ। ਦੁਸਹਿਰਾ ਮਨਾਉਣਾ ਸਾਡੇ ਲਈ ਫੇਰ ਵੀ ਸਫਲ ਹੀ ਸਮਝਿਆ ਜਾ ਸਕਦਾ ਹੈ, ਜੇਕਰ ਦੁਸਹਿਰਾ ਅਸੀਂ ਆਪਸੀ ਪ੍ਰੇਮ, ਸਦਭਾਵਨਾ ਨਾਲ ਮਿਲ ਕੇ ਮਨਾਈਏ। ਸਮਾਜ ਵਿੱਚੋ ਨਫਰਤ, ਪਾਪ, ਜਬਰ-ਜੁਲਮ, ਹੰਕਾਰ ਦਾ ਖਾਤਮਾ ਕਰਨ ਅਤੇ ਸਰਬੱਤ ਦਾ ਭਲਾ ਕਰਨ ਦਾ ਯਤਨ ਕਰੀਏ।



Scanned with CamScanner



# ਸ੍ਰੀ ਗੁਰੂ ਰਾਮ ਦਾਸ ਜੀ ਦੇ ਅਵਤਾਰ ਪੁਰਬ ਤੇ ਵਿਸ਼ੇਸ ਸਪਲੀਮੈਂਟ

ਇਸ ਸਪਲੀਮੈਂਟ ਵਿਚ ਸਹਿਯੋਗ ਦੇਣ ਵਾਲੇ ਸੰਤਾਂ-ਮਹਾਂਪੁਰਸ਼ਾਂ ਦਾ ਹਾਰਦਿਕ ਧੰਨਵਾਦ।

ਵੱਲੋਂ - ਭਵਨਦੀਪ ਸਿੰਘ ਪੁਰਬਾ (ਮੁੱਖ ਸੰਪਾਦਕ 'ਮਹਿਕ ਵਤਨ ਦੀ ਲਾਈਵ') ਸੰਪਰਕ : 9988 92 9988





ਸੰਤ ਬਾਬਾ ਨੰਦ ਸਿੰਘ ਜੀ ਲੋਹਾਰਾ

ਵੀਹਵੀਂ ਸਦੀ ਦੇ ਉਘੇ ਸਮਾਜ ਸੇਵਕ ਅਤੇ ਮਹਾਨ ਸੰਤ

## ਸੰਤ ਬਾਬਾ ਨੰਦ ਸਿੰਘ ਜੀ

ਲੋਹਾਰੇ ਵਾਲੇ

ਬਾਬਾ ਜੀ ਦਾ ਤਪ ਅਸਥਾਨ ਅਤੇ ਅੰਗੀਠਾ ਸਾਹਿਬ

## ਗੁ: ਅ-ਨੰਦ ਪ੍ਰਕਾਸ਼ ਲੋਹਾਰਾ



ਦੇਸ਼-ਵਿਦੇਸ਼ਾ ਵਿੱਚ ਵਸਦੀ ਸਮੂੰਹ ਸੰਗਤ ਜੀ ਨੂੰ ਸ਼੍ਰੀ ਗੁਰੂ ਰਾਮਦਾਸ ਜੀ ਦੇ ਅਵਤਾਰ ਪੁਰਬ ਦੀਆਂ ਕੋਟਿ-ਕੋਟਿ ਮੁਬਾਰਕਾਂ ਹੋਵਣ ਜੀ!

ਨੋਟ - ਹਰੇਕ ਐਤਵਾਰ ਨੂੰ ਹਰੇਕ ਬਿਮਾਰੀ ਦੀ ਫ੍ਰੀ ਦਵਾਈ ਦਿੱਤੀ ਜਾਂਦੀ ਹੈ।

ਵੱਲੋਂ ਮੁੱਖ ਸੇਵਾਦਾਰ ਬਾਬਾ ਜਸਵੀਰ ਸਿੰਘ ਜੀ ਲੋਹਾਰਾ



ਦੇਸ਼-ਵਿਦੇਸ਼ਾ ਵਿੱਚ ਵਸਦੀ ਸਮੂੰਹ ਸੰਗਤ ਜੀ ਨੂੰ ਸ਼੍ਰੀ ਗੁਰੂ ਰਾਮਦਾਸ ਜੀ ਦੇ ਅਵਤਾਰ ਪੁਰਬ ਦੀਆਂ ਕੋਟਿ-ਕੋਟਿ ਮੁਬਾਰਕਾਂ ਹੋਵਣ ਜੀ!

ਮੁੱਖ ਸੇਵਾਦਾਰ

## ਬਾਬਾ ਫੌਜਾ ਸਿੰਘ ਜੀ

## ਗੁਰਦੁਆਰਾ ਅਕਾਲ ਬੁੰਗਾ ਸਾਹਿਬ ਸੁਭਾਨਾ (ਜਲੰਧਰ)



ਮੋ. 84381-13000



ੴ ਸਤਿਗੁਰ ਪ੍ਰਸਾਦਿ॥

"ਧੰਨ ਧੰਨ ਬਾਬਾ ਨਰਾਇਣ ਹਰੀ ਜੀ" "ਧੰਨ ਧੰਨ ਬਾਬਾ ਪਾਲਾ ਸਿੰਘ ਜੀ"



## ਗੁਰਦੁਆਰਾ ਬਾਬਾ ਪਾਲਾ ਸਿੰਘ ਜੀ ਕੜਿਆਲ



ਦੇਸ਼-ਵਿਦੇਸ਼ਾ ਵਿੱਚ ਵਸਦੀ ਸਮੂੰਹ ਸੰਗਤ ਜੀ ਨੂੰ

## ਸ਼੍ਰੀ ਗੁਰੂ ਰਾਮਦਾਸ ਜੀ

ਦੇ ਅਵਤਾਰ ਪੁਰਬ ਦੀਆਂ ਕੋਟਿ-ਕੋਟਿ ਮੁਬਾਰਕਾਂ ਹੋਵਣ ਜੀ!

ਮੁੱਖ ਸੇਵਾਦਾਰ

ਸੰਤ ਬਾਬਾ ਪਵਨਦੀਪ ਸਿੰਘ ਜੀ

ਕੜਿਆਲ ਵਾਲੇ



ਦੇਸ਼-ਵਿਦੇਸ਼ਾ ਵਿੱਚ ਵਸਦੀ ਸਮੂੰਹ ਸੰਗਤ ਜੀ ਨੂੰ ਸ਼੍ਰੀ ਗੁਰੂ ਰਾਮਦਾਸ ਜੀ ਦੇ ਅਵਤਾਰ ਪੁਰਬ ਦੀਆਂ ਕੋਟਿ-ਕੋਟਿ ਮੁਬਾਰਕਾਂ ਹੋਵਣ ਜੀ!

## ਗੁਰਦੁਆਰਾ ਸੰਤ ਬਾਬਾ ਹੀਰਾ ਸਿੰਘ ਜੀ

ਤਪ ਅਸਥਾਨ ਬਾਬਾ ਹੀਰਾ ਸਿੰਘ ਜੀ ਪਿੰਡ ਖੁਖਰਾਣਾ (ਜ਼ਿਲ੍ਹਾ ਮੋਗਾ) ਪੰਜਾਬ

ਇਸ ਪਵਿੱਤਰ ਅਸਥਾਨ ਤੇ ਸੰਗਰਾਂਦ ਦਾ ਦਿਹਾੜਾ ਮਨਾਇਆ ਜਾਂਦਾ ਹੈ।

## ਸੰਤ ਬਾਬਾ ਹੀਰਾ ਸਿੰਘ ਜੀ ਮਹਾਰਾਜ ਦੀ ਸਲਾਨਾ ਬਰਸੀ

ਦੇ ਸਬੰਧ ਵਿਚ ਰੱਖੇ ਗਏ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਹਰ ਸਾਲ 17 ਮੱਘਰ 2021 ਨੂੰ ਸਵੇਰੇ 10.00 ਵਜੇ ਪੈਣਗੇ। ਉਪਰੰਤ ਧਾਰਮਿਕ ਦੀਵਾਨ ਸਜਣਗੇ। ਸੰਤ ਬਾਬਾ ਹਾਕਮ ਸਿੰਘ ਜੀ ਦੀ ਬਰਸੀ ਦੇ ਸੰਬੰਧ ਵਿਚ ਰੱਖੇ ਗਏ ਸ੍ਰੀ ਸਹਿਜ ਪਾਠ ਸਾਹਿਬ ਜੀ ਦੇ ਭੋਗ ਦੀਵਾਲੀ ਵਾਲੇ ਦਿਨ ਸਵੇਰੇ 10 ਵਜੇ ਪੈਂਦੇ ਹਨ।



ਦੇਸ਼-ਵਿਦੇਸ਼ਾ ਵਿੱਚ ਵਸਦੀ ਸਮੂੰਹ ਸੰਗਤ ਨੂੰ ਸ਼੍ਰੀ ਗੁਰੂ ਰਾਮਦਾਸ ਜੀ ਦੇ ਅਵਤਾਰ ਪੁਰਬ ਦੀਆਂ ਕੋਟਿ-ਕੋਟਿ ਮੁਬਾਰਕਾਂ ਹੋਵਣ ਜੀ!

## ਵੱਲੋਂ : ਮੁੱਖ ਸੇਵਾਦਾਰ (ਬਾਬਾ ਰੇਸ਼ਮ ਸਿੰਘ ਜੀ ਖੁਖਰਾਣਾ)

## ਗੁ. ਸਾਹਿਬ ਦੁੱਖ ਭੰਜਨਸਰ ਸਾਹਿਬ, ਖੁਖਰਾਣਾ

ਪਿੰਡ ਖੁਖਰਾਣਾ, ਤਹਿ. ਤੇ ਜ਼ਿਲ੍ਹਾ ਮੋਗਾ / ਮੋ. 98153-11318, 77107-11318





ਇੱਕ ਚੰਗਾ ਸੰਦੇਸ਼: ਪੰਜਾਬ ਦੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨਾਲ ਤੁਹਾਡੇ-ਸਾਡੇ ਲੱਖ ਮੱਤ-ਭੇਦ ਹੋ ਸਕਦੇ ਨੇ। ਉਹ ਵੱਖਰਾ ਵਿਸ਼ਾ ਹੈ। ਪਰ ਜੋ ਉਹਨਾਂ ਨੇ ਆਪਣੇ ਪੁੱਤਰ ਦੇ ਵਿਆਹ ਮੌਕੇ ਸ਼ਾਦਗੀ ਦਾ ਪ੍ਰਗਟਾਵਾ ਕੀਤਾ ਹੈ ਉਹ ਕਾਬਿਲ ਏ ਤਰੀਫ ਹੈ। ਗੁਰੂ ਘਰ ਚ ਅਨੰਦ ਕਾਰਜ ਅਤੇ ਸਾਰੇ ਪ੍ਰਵਾਰ ਵੱਲੋਂ ਪੰਗਤ ਚ ਬੈਠ ਕੇ ਲੰਗਰ ਛਕਣਾ। ਜੇ ਇਸੇ ਤਰਾ ਸਾਰੇ ਵੱਡੇ ਲੋਗ ਲੀਡਰ ਅਤੇ ਅਫਸਰ ਸ਼ਾਦਗੀ ਦਾ ਪ੍ਰਗਟਾਵਾ ਕਰਨ ਤਾਂ ਸਮਾਜ ਦੇ ਲੋਕਾਂ ਨੂੰ ਚੰਗਾ ਸਨੇਹਾਂ ਦਿੱਤਾ ਜਾ ਸਕਦਾ। ਮਿੱਡਲ ਕਲਾਸ ਦੇ ਲੋਕ ਅਤੇ ਗਰੀਬ ਜੰਤਾ ਉਜੜਨ ਤੋ ਬਚ ਸਕਦੀ ਹੈ। ਕਿਓ ਕਿ ਆਰਥਿਕ ਪੱਖ ਤੋ ਕਮਜ਼ੋਰ ਲੋਕ ਇਹਨਾਂ ਦੀ ਰੀਸ਼ ਨਾਲ ਮਹਿੰਗੇ ਮਹਿੰਗੇ ਪੈਲਸ ਬੁੱਕ ਕਰਦੇ ਨੇ। ਫਿਰ ਕਰਜਾਈ ਹੋ ਕੇ ਖ਼ੁਦਕੁਸ਼ੀਆਂ ਦੇ ਰਾਹ ਪੈ ਜਾਦੇ ਨੇ। ਮੈ ਤਾਂ ਸਾਰੇ ਲੀਡਰਾਂ ਇਹ ਬੇਨਤੀ ਕਰਦਾਂ ਹਾਂ। ਕਿ ਤੁਸੀ ਲੋਕਾਂ ਨੂੰ ਕਹੋ ਕਿ ਜਿਹੜਾ ਸਾਨੂੰ ਖੁਸ਼ੀ ਗ਼ਮੀ ਤੇ ਬੁਲਾਉਣਾ ਚਹੁੰਦਾ ਹੈ। ਉਹ ਸਾਦਗੀ ਵਾਲਾ ਪ੍ਰੋਗਰਾਮ ਰੱਖੇਗਾ ਤਾਂ ਅਸੀਂ ਆਵਾਂਗੇ। ਨੱਬੇ ਪ੍ਰੀਸ਼ਤ ਲੋਗ ਸੁਧਰ ਸਕਦੇ ਨੇ। ਹੋਰ ਕੁਝ ਨਹੀ ਕਰਨਾ ਤਾਂ ਇਹ ਹੀ ਇੱਕ ਪਰਉਪਕਾਰ ਲੋਕਾਂ ਉੱਪਰ ਕਰ ਦਿਓ। ਲੋਕਾਂ ਨੂੰ ਆਰਥਿਕ ਤੌਰ ਤੇ ਉਜੜਨ ਤੋ ਬਚਣਾ ਚਾਹੀਦਾ। ਇਹ ਸੋਚਣਾ ਚਾਹੀਦਾ ਹੈ ਕਿ ਜੇ ਮੁੱਖ ਮੰਤਰੀ ਸ਼ਾਦਾ ਵਿਆਹ ਕਰ ਸਕਦੇ ਨੇ ਅਸੀ ਕਿਓ ਨਹੀ?

ਵੱਲੋਂ: ਦਾਸ ਰੇਸ਼ਮ ਸਿੰਘ ਖੁਖਰਾਣਾ

## ਸੰਤ ਬਾਬਾ ਰੇਸ਼ਮ ਸਿੰਘ ਜੀ ਖ਼ਾਲਸਾ

ਮੁੱਖ ਸੇਵਾਦਾਰ : ਗੁ. ਸਾਹਿਬ ਦੁੱਖ ਭੰਜਨਸਰ ਸਾਹਿਬ, ਖੁਖਰਾਣਾ

ਸੀਨੀ. ਮੀਤ ਪ੍ਰਧਾਨ ਗੁਰ ਸ਼ਬਦ ਪ੍ਰਚਾਰ ਸੰਤ ਸਮਾਜ

ਮੈਂਬਰ ਖ਼ਾਲਸਾ ਐਕਸ਼ਨ ਕਮੇਟੀ

ਮੋ. 98153-11318, 77107-11318

## ਜਾਰੀ ਕਰਤਾ : ਦੁੱਖ ਭੰਜਨ ਸੇਵਾ ਸੁਸਾਇਟੀ (ਰਜਿ:) ਖੁਖਰਾਣਾ

Scanned with CamScanner

## ਸੰਪਾਦਕ ਦੀ ਕਲਮ 'ਚੋਂ...

**ਮੁੱਖ ਸੰਪਾਦਕ - ਭਵਨਦੀਪ ਸਿੰਘ ਪੁਰਬਾ**

# ਅਜੋਕੇ ਰਾਵਣਾਂ ਨੇ ਤਾਂ ਅੱਤਿਆਚਾਰ ਦੀ ਹੱਦ ਹੀ ਪਾਰ ਕਰ ਦਿੱਤੀ ਹੈ

ਵੈਸੇ ਤਾਂ ਪੰਜਾਬ ਵਿੱਚ ਸਾਰਾ ਸਾਲ ਹੀ ਤਿਉਹਾਰ ਚੱਲਦੇ ਰਹਿੰਦੇ ਹਨ। ਪਰ ਸਿਆਲਾਂ ਦੀ ਆਮਦ ਦੇ ਤਿਉਹਾਰਾਂ ਵਿੱਚ ਦੁਸਹਿਰਾ ਸਭ ਤੋਂ ਪਹਿਲਾ ਖਾਸ ਤਿਉਹਾਰ ਹੈ।ਇਹ ਨੌਂ ਨਵਰਾਤਰਿਆਂ ਤੋਂ ਬਾਅਦ ਹੁੰਦਾ ਹੈ। ਦੁਸਹਿਰੇ ਦੇ ਤਿਉਹਾਰ ਨੂੰ 'ਵਿਜਯ ਦਸ਼ਮੀ' ਵੀ ਕਿਹਾ ਜਾਂਦਾ ਹੈ। ਸੰਸਕ੍ਰਿਤ ਭਾਸ਼ਾ ਦਾ ਸ਼ਬਦ 'ਵਿਜਯ' ਜਿਸ ਦਾ ਅਰਥ ਹੈ ਜਿੱਤ। ਦੁਸਹਿਰਾ ਦਾ ਸਬੰਧ ਭਗਵਾਨ ਸ਼੍ਰੀ ਰਾਮ ਚੰਦਰ ਜੀ ਨਾਲ ਹੈ। ਜਦੋਂ ਸ਼੍ਰੀ ਰਾਮ ਚੰਦਰ ਉਨ੍ਹਾਂ ਦੀ ਪਤਨੀ ਸੀਤਾ ਅਤੇ ਛੋਟਾ ਭਰਾ ਲਛਮਣ ੧੪ ਸਾਲਾਂ ਦਾ ਬਨਵਾਸ ਕੱਟਦੇ ਹੋਏ ਜੰਗਲ ਵਿਚ ਰਹਿ ਰਹੇ ਸਨ ਉਦੋਂ ਰਾਵਣ ਨੇ ਆਪਣੀ ਭੈਣ ਸਰੂਪਨਖਾਂ ਦੇ ਲਛਮਣ ਵੱਲੋਂ ਕੀਤੇ ਅਪਮਾਨ ਦਾ ਬਦਲਾ ਲੈਣ ਲਈ ਮਾਤਾ ਸੀਤਾ ਨੂੰ ਧੋਖੇ ਨਾਲ ਅਗ਼ਵਾ ਕੀਤਾ ਅਤੇ ਲੰਕਾ ਦੇ ਇਕ ਬਾਗ ਵਿਚ ਕੈਦ ਕਰ ਲਿਆ। ਸ਼੍ਰੀ ਰਾਮ ਚੰਦਰ ਜੀ ਨੇ ਆਪਣੀ ਪਤਨੀ ਸੀਤਾ ਨੂੰ ਰਾਵਣ ਦੀ ਕੈਦ ਤੋਂ ਮੁਕਤ ਕਰਵਾਉਣ ਲਈ ਸੈਨਾ ਦਾ ਗਠਨ ਕਰਕੇ ਲੰਕਾ 'ਤੇ ਹਮਲਾ ਕੀਤਾ। ਰਾਵਣ ਵੀ ਇਕ ਸ਼ਕਤੀ ਸ਼ਾਲੀ ਰਾਜਾ ਸੀ। ਉਂਝ ਤਾਂ ਰਾਵਣ ਬਹੁਤ ਗਿਆਨੀ ਪੰਡਤ ਸੀ, ਪਰ ਮਨ 'ਚ ਹੰਕਾਰ ਹੋਣ ਕਾਰਨ ਯੁੱਧ ਵਿਚ ਉਸਦੀ ਹਾਰ ਹੋਈ। ਰਾਵਣ ਦਾ ਖਾਤਮਾ ਕਰਕੇ ਸ਼੍ਰੀ ਰਾਮ ਚੰਦਰ ਜੀ ਨੇ ਸੀਤਾ ਨੂੰ ਅਜਾਦ ਕਰਵਾਇਆ। ਇਸ ਦਿਨ ਨੂੰ ਹਰ ਸਾਲ ਦੁਸਹਿਰੇ ਦੇ ਰੂਪ ਵਿਚ ਮਨਾਇਆ ਜਾਂਦਾ ਹੈ। ਇਸ ਕਰਕੇ ਦੁਸਹਿਰੇ ਨੂੰ ਬਦੀ 'ਤੇ ਨੇਕੀ ਦੀ ਜਿੱਤ ਕਿਹਾ ਜਾਦਾ ਹੈ। ਕੁੱਝ ਪੁਸਤਕਾ ਅਨੁਸਾਰ ਦੁਸਹਿਰੇ ਦੇ ਤਿਉਹਾਰ ਦਾ ਸਬੰਧ ਮਹਾਭਾਰਤ ਦੇ ਨਾਲ ਵੀ ਹੈ।

ਪਰ ਅਸਲ ਵਿੱਚ ਵੇਖਿਆ ਜਾਵੇ ਤਾਂ ਰਾਵਣ ਬਹੁੱਤ ਵੱਡਾ ਵਿਦਵਾਨ ਸੀ। ਉਸਦਾ ਕਸੂਰ ਇਹ ਸੀ ਕਿ ਉਸਨੇ ਭਗਵਾਨ ਸ੍ਰੀ ਰਾਮ ਦੀ ਪਤਨੀ ਸੀਤਾ ਦਾ ਹਰਣ ਕੀਤਾ ਸੀ। ਪੜ੍ਹਣ ਤੇ ਸੁਣਨ ਦੇ ਮੁਤਾਬਿਕ ਇਸ ਦਾ ਕਾਰਨ ਇਹ ਸੀ ਕਿ ਰਾਵਣ ਦੀ ਭੈਣ ਸਰੂਪਨਖ਼ਾ ਲਕਸ਼ਮਣ ਨੂੰ ਪਸੰਦ ਕਰਦੀ ਸੀ ਤੇ ਜਤੀ-ਸਤੀ ਹੋਣ ਕਰਕੇ ਲਕਸ਼ਮਣ ਨੇ ਗੁੱਸੇ 'ਚ ਸਰੂਪਨਖ਼ਾ ਦਾ ਨੱਕ ਵੱਡ ਦਿੱਤਾ ਸੀ। ਭੈਣ ਨਾਲ਼ ਹੋਈ ਇਸ ਬੇਇਨਸਾਫੀ ਦਾ ਬਦਲਾ ਲੈਣ ਲੈਈ ਰਾਵਣ ਨੇ ਸੀਤਾ ਹਰਣ ਕੀਤਾ। ਰਾਵਣ ਨੇ ਸੀਤਾ ਨੂੰ ਅਸ਼ੋਕ ਵਾਟਿਕਾ 'ਚ ਰੱਖਿਆ, ਜਿੱਥੇ ਉਸਦੇ ਖਾਣ-ਪੀਣ ਤੇ ਆਰਾਮ ਦਾ ਪੂਰਨ ਪ੍ਰਬੰਧ ਕੀਤਾ ਗਿਆ ਸੀ। ਉਹ ਪੂਰੀ ਤਰ੍ਹਾਂ ਮਹਿਫੂਜ ਸੀ। ਇਹ ਵੀ ਜਿਕਰਯੋਗ ਗੱਲ ਹੈ ਕਿ ਰਾਵਣ ਨੇ ਸੀਤਾ ਦਾ ਹਰਨ ਕੀਤਾ ਸੀ ਪਰ ਉਸਦੇ ਚਰਿੱਤਰ ਉਪਰ ਕੋਈ ਦਾਗ਼ ਨਹੀਂ ਹੈ।

ਜੁਰਮ ਕੋਈ ਵੀ ਹੋਵੇ ਉਸਦੀ ਸਜਾ ਤਾਂ ਜਰੂਰ ਮਿਲਣੀ ਚਾਹੀਦੀ ਹੈ। ਰਾਵਣ ਨੂੰ ਉਸ ਦੇ ਕੀਤੇ ਦੀ ਸਜਾ ਮਿਲੀ। ਅੱਜ ਕਈ ਸਦੀਆਂ ਬਾਅਦ ਵੀ ਰਾਵਣ, ਕੁੰਭਕਰਨ ਤੇ ਮੇਘਨਾਥ ਦੇ ਪੁਤਲੇ ਸਾੜ ਕੇ ਦੁਸਹਿਰੇ ਨੂੰ ਬਦੀ ਤੇ ਨੇਕੀ ਦੀ ਜਿੱਤ ਕਹਿ ਦਿੱਤਾ ਜਾਦਾ ਹੈ। ਪਰ ਅੱਜ ਜੋਂ ਰਾਵਣ ਸ਼ਰੇਆਮ ਤੁਰੇ ਫਿਰਦੇ ਹਨ। ਉਸ ਰਾਵਣ ਨੇ ਤਾਂ ਸੀਤਾ ਦਾ ਕੇਵਲ ਅਪਹਰਣ ਹੀ ਕੀਤਾ ਸੀ, ਅਜੋਕੇ ਰਾਵਣਾਂ ਨੇ ਤਾਂ ਅੱਤਿਆਚਾਰ ਦੀ ਹੱਦ ਹੀ ਪਾਰ ਕਰ ਦਿੱਤੀ ਹੈ। ਮਾਸੂਮ ਬੱਚੀਆਂ ਨਾਲ ਬਲਾਤਕਾਰ ਕਰਕੇ ਉਨ੍ਹਾਂ ਨੂੰ ਮਾਰ ਦਿੱਤਾ ਜਾਂਦਾ ਹੈ। ਕੀ ਉਨ੍ਹਾਂ ਰਾਵਣਾ ਦੇ ਪੁਤਲੇ ਸਾੜਨ ਦੀ ਜਰੂਰਤ ਨਹੀਂ? ਉਹ ਤਾਂ ਅਪੀਲਾ ਕਰ ਕਰ ਕੇ ਆਪਣੇ ਕੀਤੇ ਜੁਰਮਾਂ ਨੂੰ ਠੰਡਾ ਕਰ ਦਿੰਦੇ ਹਨ ਤੇ ਜਿਸ ਦਿਨ ਉਨ੍ਹਾਂ ਦੇ ਜੁਰਮ ਲੋਕਾ ਦੇ ਮਨੋਂ ਵਿਸਰ ਜਾਦੇ ਹਨ, ਉਸ ਦਿਨ ਉਹ ਲੈ-ਦੇ ਕੇ ਚੁੱਪ-ਚਪੀਤੇ ਰਿਹਾਅ ਹੋ ਕੇ ਲੋਕਾਂ ਦੀ ਭੀੜ ਵਿੱਚ ਸ਼ਾਮਲ ਹੋਂ ਜਾਦੇ ਹਨ। ਆਮ ਹੀ ਲੋਕ ਥੋੜੇ ਚਿਰ ਬਾਅਦ ਕਿਸੇ ਦੇ ਕੀਤੇ ਜੁਰਮਾ ਨੂੰ ਅੱਖੋਂ-ਪਰੋਖੇ ਕਰ ਦਿੰਦੇ ਹਨ। ਪਰ ਫਿਰ ਰਾਵਣ ਵਿਚਾਰਾ ਪਤਾ ਨਹੀਂ ਕਿਉਂ ਸਦੀਆਂ ਤੋਂ ਆਪਣੇ ਕੀਤੇ ਦੀ ਸਜਾ ਭੁਗਤ ਰਿਹਾ ਹੈ। ਅਸਲ ਵਿੱਚ ਅਸੀਂ ਅਜੇ ਤੱਕ ਆਪਣੇ ਅੰਦਰ ਬੈਠੇ ਰਾਵਣਾਂ ਨੂੰ ਨਹੀਂ ਜਲਾ ਸਕੇ। ਅੱਜ ਇਸ ਕਲਯੁਗ ਦੇ ਸਮੇਂ ਆਸੇ ਪਾਸੇ ਨਿਗ੍ਹਾ ਮਾਰ ਕੇ ਦੇਖਿਏ ਤਾਂ ਸਾਡਾ ਆਲਾ ਦੁਆਲਾ ਹੀ ਰਾਵਣਾਂ ਨਾਲ ਭਰਿਆ ਪਿਆ ਹੈ। ਅੱਜ ਤਾਂ ਰਾਵਣ ਹੀ ਹਰ ਪਾਸੇ ਪ੍ਰਧਾਨ ਹਨ। ਸ਼੍ਰੀ ਗੁਰੂ ਨਾਨਕ ਦੇਵ ਸਾਹਿਬ ਨੇ ਵੀ ਆਉਣ ਵਾਲੇ ਸਮੇਂ ਵੱਲ ਨਿਗ੍ਹਾ ਮਾਰ ਕੇ ਕਿਹਾ ਸੀ 'ਕੂੜ ਹੋਇਆ ਪ੍ਰਧਾਨ ਵੇ ਲਾਲੋ।' ਉਨ੍ਹਾਂ ਦੀ ਕਹੀ ਅੱਜ ਸੱਚ ਹ ਈ ਜਾ ਰਹੀਂ ਹੈ।

ਅੱਜ ਦੁਸਹਿਰਾ ਮਨਾਉਣਾ ਸਾਡੇ ਲਈ ਧਾਰਮਿਕ ਪ੍ਰੰਮਪਰਾ ਨਾ ਹੋਂ ਕੇ ਸਿਰਫ ਮੇਲਾ ਵੇਖਣ ਵਾਲੀ ਪ੍ਰਵਿਰਤੀ ਦਾ ਤਿਉਹਾਰ ਬਣ ਕੇ ਰਹਿ ਗਿਆ ਹੈ। ਜਿਹੜਾ ਦੁਸਹਿਰਾ ਅਸੀਂ ਮੇਲੇ ਦੇ ਰੂਪ ਵਿੱਚ ਮਨਾਉਂਦੇ ਹਾਂ ਉਸ ਦੀ ਗੱਲ ਕਰੀਏ ਤਾਂ ਸਾਰੇ ਦੇਸ਼ ਵਿੱਚ ਦੁਸਹਿਰਾ ਕਿਸੇ ਨਾ ਕਿਸੇ ਰੂਪ ਵਿੱਚ ਬੜੇ ਚਾਅ ਤੇ ਉਤਸ਼ਾਹ ਨਾਲ ਮਨਾਇਆ ਜਾਂਦਾ ਹੈ। ਉੱਤਰ ਵਿੱਚ ਜੇ ਕੁੱਲੂ ਦਾ ਦੁਸਹਿਰਾ ਪ੍ਰਸਿੱਧ ਹੈ ਤਾਂ ਦੱਖਣ ਵਿੱਚ ਮੈਸੂਰ ਦਾ ਦੁਸਹਿਰਾ ਇਸ ਤੋਂ ਵੱਧ ਮਹੱਤਤਾ ਰੱਖਦਾ ਹੈ। ਮੈਸੂਰ ਵਿੱਚ ਦੁਸਹਿਰੇ ਨੂੰ 'ਵਿਜਯ ਦਸ਼ਮੀ' ਦੇ ਨਾਂ ਨਾਲ ਮਨਾਇਆ ਜਾਂਦਾ ਹੈ। ਸਾਡੇ ਇਥੇ ਸ਼ਹਿਰਾਂ ਵਿੱਚ ਰਾਵਣ, ਮੇਘਨਾਥ ਤੇ ਕੁੰਭਕਰਨ ਦੇ ਬੁੱਤ ਬਣਾ ਕੇ ਸਾੜੇ ਜਾਂਦੇ ਹਨ ਇਨ੍ਹਾਂ ਬੁੱਤਾਂ 'ਤੇ ਪੰਜਾਹ ਹਜਾਰ ਤੋਂ ਲੈ ਕੇ ਡੇਢ ਲੱਖ ਰੁਪਏ ਤੱਕ ਖਰਚ ਆਉਂਦਾ ਹੈ। ਦੁਸਹਿਰਾ ਕਮੇਟੀਆਂ ਬੜੀ ਮਿਹਨਤ ਕਰਦੀਆਂ ਹਨ। ਦੁਸਹਿਰਾ ਕਮੇਟੀਆਂ ਆਪਣੇ ਆਪਣੇ ਸ਼ਹਿਰਾਂ ਦੇ ਮਾਲਕਾਂ ਡਿਪਟੀ ਕਮਿਸ਼ਨਰ ਸਾਹਿਬਾਨਾ ਨੂੰ, ਐਸ.ਡੀ.ਐਮ. ਸਾਹਿਬਾਨਾਂ, ਭਰੀਆਂ ਜੇਬਾ ਵਾਲੇ ਵਪਾਰੀਆਂ ਨੂੰ ਜਾ ਕੋਈ ਮੰਤਰੀ-ਸੰਤਰੀ ਜਿਸ ਕੋਲੋਂ ਚਾਰ ਸ਼ਿੱਲੜ ਮਿਲਣ ਦੀ ਆਸ ਹੋਵੇ, ਉਨ੍ਹਾਂ ਨੂੰ ਮੁੱਖ ਮਹਿਮਾਣ ਬਣ ਕੇ ਆਉਣ ਦਾ ਸੱਦਾ ਪੱਤਰ ਦਿੰਦਿਆਂ ਹਨ। ਮੁੱਖ ਮਹਿਮਾਣ ਦੇ ਆਉਣ ਸਾਰ ਮਿੰਟਾਂ ਵਿੱਚ ਰਾਵਣ, ਕੁੰਭਕਰਨ ਤੇ ਮੇਘਨਾਥ ਦੇ ਬੁੱਤ ਸੜ ਕੇ ਸੁਆਹ ਹੋ ਜਾਂਦੇ ਹਨ ਤੇ ਸਾਰੇ ਖੁਸ਼ ਹੋ ਜਾਂਦੇ ਹਨ ਕਿ ਬਦੀ ਉੱਪਰ ਨੇਕੀ ਦੀ ਜਿੱਤ ਹੋ ਗਈ। ਬੁੱਤ ਸੜਣ ਉਪਰੰਤ ਲੋਕ ਖਿੰਡਣੇ ਸ਼ੁਰੂ ਹੋ ਜਾਂਦੇ ਹਨ। ਕਈ ਲੋਕ ਰਾਵਣ ਦੇ ਪੁਤਲੇ ਦੀਆਂ ਅੱਧ ਸੜੀਆਂ ਲੱਕੜਾਂ ਚੁੱਕ ਕੇ ਘਰ ਲੈ ਜਾਂਦੇ ਹਨ ਉਹਨਾ ਦਾ ਮੰਨਣਾ ਹੈ ਕਿ ਇਨ੍ਹਾਂ ਲੱਕੜਾਂ ਨੂੰ ਘਰ ਵਿੱਚ ਰੱਖਣ ਨਾਲ ਛੋਟੇ ਬੱਚਿਆਂ ਨੂੰ ਡਰ ਨਹੀਂ ਲੱਗਦਾ, ਧੰਨ ਵਿੱਚ ਵਾਧਾ ਹੁੰਦਾ ਹੈ ਤੇ ਘਰ ਵਿੱਚ ਸ਼ਾਂਤੀ ਬਣੀ ਰਹਿੰਦੀ ਹੈ।

ਖੂਬਸੂਰਤ ਪਹਾੜਾਂ ਵਿਚ ਬਿਆਸ ਦਰਿਆ ਦੇ ਕਿਨਾਰੇ ਸਥਿਤ ਸੁੰਦਰ ਸ਼ਹਿਰ ਕੁੱਲੂ (ਹਿਮਾਚਲ ਪ੍ਰਦੇਸ਼) ਦਾ ਦੁਸਹਿਰਾ ਬੜਾ ਮਸ਼ਹੂਰ ਹੈ ਪਰ ਉਥੇ ਰਾਵਣ, ਕੁੰਭਕਰਨ ਤੇ ਮੇਘਨਾਥ ਦੇ ਬੁੱਤ ਨਹੀਂ ਸਾੜੇ ਜਾਦੇ। ਉੱਥੇ ਦੁਸਹਿਰਾ ਹਫਤਾ ਭਰ ਮਨਾਇਆ ਜਾਂਦਾ ਹੈ। ਦੇਸ਼ ਦੇ ਵੱਖ-ਵੱਖ ਹਿੱਸਿਆਂ ਤੋਂ ਲੋਕ ਇਥੇ ਦੁਸਹਿਰਾ ਦੇਖਣ ਲਈ ਪਹੁੰਚਦੇ ਹਨ। ਕੁੱਲੂ ਵਾਦੀ ਦੇ ਲੋਕ ਬਹੁੱਤ ਹੀ ਸੁੰਦਰ ਤਰੀਕੇ ਨਾਲ ਆਪਣੇ ਪਿੰਡ ਵਿਚ ਆਪਣੇ ਦੇਵੀ-ਦੇਵਤੇ ਦੀ ਪਾਲਕੀ ਤਿਆਰ ਕਰਦੇ ਹਨ। ਆਪਣੇ ਦੇਵੀ-ਦੇਵਤੇ ਦੀ ਮੂਰਤੀ ਪਾਲਕੀ ਵਿੱਚ ਰੱਖ ਕੇ ਉਸ ਨੂੰ ਮੋਢਿਆਂ 'ਤੇ ਚੁੱਕ ਕੇ ਆਪਣੇ ਪਿੰਡ ਤੋਂ ਪੈਦਲ ਚੱਲ ਕੇ ਕੁੱਲੂ ਸ਼ਹਿਰ ਤੱਕ ਜਾਦੇ ਹਨ। ਸ਼ਰਧਾਲੂ ਨੱਚਦੇ ਟੱਪਦੇ ਹੋਏ ਬੈਂਡ ਵਾਜਿਆਂ ਸਮੇਤ ਕੁੱਲੂ ਦੇ ਬਾਜਾਰਾਂ ਵਿਚੋਂ ਦੀ ਗੁਜਰਦੇ ਹੋਏ ਰਘੁਨਾਥ ਜੀ ਦੇ ਮੰਦਰ ਵਿੱਚ ਪਹੁੰਚਦੇ ਹਨ ਅਤੇ ਪੂਜਾ ਅਚਰਨਾ ਕਰਦੇ ਹਨ। ਦੇਸ਼ ਦੇ ਵੱਖ-ਵੱਖ ਰਾਜਾ ਤੋਂ ਤੇ ਵੱਖ-ਵੱਖ ਬਲੀਆਂ ਦੇ ਗਾਇਕ, ਕਲਾਕਾਰ ਇਸ ਮੇਲੇ ਵਿਚ ਸ਼ਾਮਲ ਹੋਣ ਕੇ ਆਪਣੀ ਕਲਾ ਦਾ ਪ੍ਰਦਰਸ਼ਨ ਕਰਦੇ ਹਨ। ਕਈ ਪ੍ਰਾਈਵੇਟ ਤੇ ਸਰਕਾਰੀ ਅਦਾਰਿਆਂ ਵਲੋਂ ਪ੍ਰਦਰਸ਼ਨੀਆਂ ਵੀ ਲਗਾਈਆਂ ਜਾਦੀਆਂ ਹਨ ਜਿਥੇ ਵਾਜਬ ਰੇਟਾ ਤੇ ਵਸਤੂਆਂ ਮਿਲਦੀਆਂ ਹਨ। ਇਥੇ ਇੱਕ ਖਾਸੀਅਤ ਹੈ ਕਿ ਦੁਸਹਿਰੇ ਵਿੱਚ ਕੋਈ ਵੀ ਵਿਅਕਤੀ ਸ਼ਰਾਬ ਪੀ ਕੇ ਜਾਂ ਨਸ਼ਾ ਕਰਕੇ ਨਹੀਂ ਆਉਦਾ। ਇਹ ਸਾਰਾ ਨਜਾਰਾ ਵੇਖਣਯੋਗ ਹੁੰਦਾ ਹੈ।

ਸਮੁੱਚੇ ਦੇਸ਼ ਵਿੱਚ ਦੁਸਹਿਰੇ ਵਾਲੇ ਦਿਨ ਖਰੀਦਦਾਰੀ ਕਰਨੀ ਵਧੀਆ ਮੰਨੀ ਜਾਦੀ ਹੈ। ਇਸ ਦਿਨ ਸੋਨਾ, ਚਾਂਦੀ ਤੇ ਵਾਹਨਾਂ ਦੀ ਖਰੀਦਦਾਰੀ ਬਹੁੱਤ ਜਿਆਦਾ ਵਧੀਆਂ ਮੰਨੀ ਜਾਦੀ ਹੈ। ਬਹੁੱਤ ਲੋਕ ਇਸ ਦਿਨ ਨਵੇ ਕੰਮ ਦਾ ਆਰੰਭ ਕਰਨਾ ਸ਼ੁਭ ਮੰਨਦੇ ਹਨ। ਵਪਾਰੀ ਲੋਕ ਇਸ ਦਿਨ ਨਵੇਂ ਵਹੀ ਖਾਤੇ ਸ਼ੁਰੂ ਕਰਨਾ ਸ਼ੁਭ ਸਮਝਦੇ ਹਨ। ਦੁਸਹਿਰੇ ਦੇ ਮੇਲੇ ਤੋਂ ਵਾਪਸੀ ਤੇ ਲੋਕ ਜਲੇਬੀਆਂ, ਪਕੌੜੇ, ਪਟਾਕੇ, ਲੜੀਆਂ ਆਦਿ ਦੀ ਖਰੀਦੋ-ਫਰੋਖਤ ਕਰਦੇ ਹਨ। ਦੁਸਹਿਰੇ ਪਿਛੇ ਇਤਿਹਾਸਕ, ਰਾਜਨੀਤਿਕ ਤੇ ਸਮਾਜਿਕ ਕਾਰਣਾ ਦਾ ਅਧਿਐਨ ਕਰਨ ਦਾ ਆਮ ਆਦਮੀ ਜਰੂਰਤ ਨਹੀਂ ਸਮਝਦਾ। ਉਸ ਲਈ ਤਾਂ ਦੁਸਹਿਰਾ ਕੁੱਝ ਮਿੰਟਾਂ ਦਾ ਮਨੋਰੰਜਣ ਬਣ ਕੇ ਰਹਿ ਗਿਆ ਹੈ।

ਚਲੋ... ਦੁਸਹਿਰੇ ਦੇ ਬਹਾਨੇ ਆਪਸੀ ਭਾਈਚਾਰਕ ਸਾਂਝ ਤਾਂ ਪੈਦਾ ਹੁੰਦੀ ਹੈ। ਦੁਸਹਿਰਾ ਮਨਾਉਣਾ ਸਾਡੇ ਲਈ ਫੇਰ ਵੀ ਸਫਲ ਹੀ ਸਮਝਿਆ ਜਾ ਸਕਦਾ ਹੈ, ਜੇਕਰ ਦੁਸਹਿਰਾ ਅਸੀਂ ਆਪਸੀ ਪ੍ਰੇਮ, ਸਦਭਾਵਨਾ ਨਾਲ ਮਿਲ ਕੇ ਮਨਾਈਏ। ਸਮਾਜ ਵਿੱਚੋ ਨਫਰਤ, ਪਾਪ, ਜਬਰ-ਜੁਲਮ, ਹੰਕਾਰ ਦਾ ਖਾਤਮਾ ਕਰਨ ਅਤੇ ਸਰਬੱਤ ਦਾ ਭਲਾ ਕਰਨ ਦਾ ਯਤਨ ਕਰੀਏ।

International
ਦਿਲਚਸਪ ਅਤੇ ਗਿਆਨ ਭਰਪੂਰ ਸਮੱਗਰੀ ਲਈ
# ਮਹਿਕ ਵਤਨ ਦੀ
'Mehak Watan Di Live' ● ਲਾਈਵ

Titel Regd. No. PUNPUN 04016 | Year 05 | Edition 07 | Issue Date: 12-Oct.-2021

ਮੁੱਖ ਸੰਪਾਦਕ : ਭਵਨਦੀਪ ਸਿੰਘ ਪੁਰਬਾ
ਆਨਰੇਰੀ ਉੱਪ-ਮੁੱਖ ਸੰਪਾਦਕ : ਭਾਗਵੰਤੀ ਪੁਰਬਾ
ਸੰਪਾਦਕ : ਕੁਲਵਿੰਦਰ ਤਾਰੇਵਾਲਾ
ਧਾਰਮਿਕ ਸੰਪਾਦਕ : ਸਾਧੂ ਸਿੰਘ ਧੰਮੂ
ਸਾਹਿਤਕ ਸੰਪਾਦਕ : ਜਸਵੀਰ ਪੁੜੈਣ
ਸਹਿ ਸੰਪਾਦਕ : ਇਕਬਾਲ ਖੋਸਾ
ਮੁੱਖ ਸਲਾਹਕਾਰ : ਬਾਬਾ ਜਸਵੀਰ ਸਿੰਘ ਲੋਹਾਰਾ
ਕਾਨੂੰਨੀ ਸਲਾਹਕਾਰ : ਐਡਵੋਕੇਟ ਨਸੀਬ ਬਾਵਾ
ਸਾਹਿਤਕ ਸਲਾਹਕਾਰ : ਗੁਰਮੇਲ ਸਿੰਘ ਬੌਡੇ




ਆਪਣੇ ਸਮਾਗਮਾਂ ਨੂੰ ਦੁਨੀਆਂ ਭਰ ਵਿੱਚ ਵਸਦੇ ਦਰਸ਼ਕਾਂ ਨਾਲ ਸਾਂਝਾ ਕਰੋ!

## 'ਮਹਿਕ ਵਤਨ ਦੀ ਲਾਈਵ' ਬਿਓਰੋ ਰਾਹੀਂ...

ਆਪਣੇ ਸਮਾਗਮਾਂ ਦਾ 'ਮਹਿਕ ਵਤਨ ਦੀ ਲਾਈਵ' ਵੈਬ ਟੀ.ਵੀ. ਤੇ ਸਿੱਧਾ ਪ੍ਰਸ਼ਾਰਨ ਕਰਵਾਓ !

...ਅਤੇ ਨਾਲ ਹੀ ਆਪਣੇ ਸਮਾਗਮਾਂ ਦੀਆਂ ਖਬਰਾਂ ਅੰਤਰ-ਰਾਸ਼ਟਰੀ ਮੈਗਜੀਨ ਮਹਿਕ ਵਤਨ ਦੀ ਲਾਈਵ, ਮਹਿਕ ਵਤਨ ਦੀ ਲਾਈਵ ਵੈਬ ਟੀ.ਵੀ., ਮਹਿਕ ਵਤਨ ਦੀ ਲਾਈਵ ਰੋਜਾਨਾ ਆਨਲਾਈਨ ਅਖਬਾਰ ਅਤੇ ਮਹਿਕ ਵਤਨ ਦੀ ਲਾਈਵ ਸੋਸ਼ਲ ਮੀਡੀਆ ਸੈੱਲ ਰਾਹੀਂ ਸਭ ਨਾਲ ਸਾਝੀਆਂ ਕਰੋ।

'ਮਹਿਕ ਵਤਨ ਦੀ ਲਾਈਵ' ਆਨਲਾਈਨ ਅਖਬਾਰ, ਵੈਬ ਟੀ.ਵੀ. ਅਤੇ ਮਾਸਿਕ ਮੈਗਜੀਨ ਵਿੱਚ ਬਹੁਤ ਥੋੜੇ ਖਰਚ ਤੇ ਆਪਣੇ ਇਸ਼ਤਿਹਾਰ ਦੇ ਕੇ ਜਿਆਦਾ ਲਾਭ ਪ੍ਰਾਪਤ ਕਰੋ ਜੀ।


Chief Editor:
Bhawandeep Singh Purba

International
ਦਿਲਚਸਪ ਅਤੇ ਗਿਆਨ ਭਰਪੂਰ ਸਮੱਗਰੀ ਲਈ
ਮਹਿਕ ਵਤਨ ਦੀ Web TV
'Mehak Watan Di Live' ● ਲਾਈਵ

ਇਸ਼ਤਿਹਾਰ ਦਾ ਫੁੱਲ ਪੈਕੇਜ ਲੈਣ ਲਈ ਵੀ ਸੰਪਰਕ ਕਰੋ!

ਪੱਤਰਕਾਰ ਬਨਣ ਲਈ ਅਤੇ ਹਰ ਪ੍ਰਕਾਰ ਦੀ ਜਾਣਕਾਰੀ ਲਈ ਸੰਪਰਕ ਕਰੋ:

Help Line: 9988 92 9988
www.mehakwatandilive.com

ਵਿਸ਼ੇਸ਼ ਨੋਟ : 1.'ਮਹਿਕ ਵਤਨ ਦੀ ਲਾਈਵ' ਪੇਪਰ ਵਿੱਚ ਛਪਣ ਵਾਲੀਆਂ ਸਾਰੀਆਂ ਰਚਨਾਵਾਂ ਵਿੱਚ ਨਾਮ ਅਤੇ ਸਥਾਨ ਫਰਜ਼ੀ ਹੁੰਦੇ ਹਨ।ਜੇਕਰ ਕਿਸੇ ਜਿਉਂਦੇ ਜਾਂ ਮਰ ਚੁੱਕੇ ਵਿਅਕਤੀ ਨਾਲ ਮਿਲ ਜਾਣ ਤਾਂ ਇਹ ਇੱਕ ਸੰਯੋਗ ਹੀ ਸਮਝਣਾ ਚਾਹੀਦਾ ਹੈ ਅਦਾਰਾ ਇਸ ਦਾ ਕਿਸੇ ਪੱਖੋਂ ਵੀ ਜ਼ਿੰਮੇਵਾਰ ਨਹੀਂ ਹੋਵੇਗਾ।2.'ਮਹਿਕ ਵਤਨ ਦੀ ਲਾਈਵ' ਸਿਰਫ ਪੰਜਾਬੀ ਪੇਪਰ ਹੈ ਜਿਸ ਦਾ ਕਿਸੇ ਵੀ ਸਿਆਸੀ ਪਾਰਟੀ ਨਾਲ ਕੋਈ ਸਬੰਧ ਨਹੀਂ ਹੈ।3.ਵਿਦੇਸ਼ਾਂ ਵਿੱਚ ਪੇਪਰ ਮੰਗਵਾਉਣ ਲਈ ਆਪਣਾ ਪਤਾ ਅੰਗੇਰਜ਼ੀ ਦੇ ਵੱਡੇ ਅੱਖਰਾਂ ਵਿੱਚ ਲਿਖ ਕੇ ਭੇਜਿਆ ਜਾਵੇ।4.ਹਰ ਪ੍ਰਕਾਰ ਦਾ ਚੰਦਾ'ਮਹਿਕ ਵਤਨ ਦੀ' ਦੇ ਨਾਮ ਤੇ ਭੇਜਿਆ ਜਾਵੇ ਜੋ ਮੋਗਾ ਪੰਜਾਬ ਵਿਚ ਭੁਗਤਾਉਣ ਯੋਗ ਹੋਵੇ।5.ਇਸ਼ਤਿਹਾਰ ਦੇ ਮੈਟਰ ਬਾਰੇ ਅਦਾਰਾ ਜ਼ਿੰਮੇਵਾਰ ਨਹੀਂ ਹੋਵੇਗਾ।6.'ਮਹਿਕ ਵਤਨ ਦੀ' ਨਾਲ ਸਬੰਧਤ ਹਰ ਕਿਸਮ ਦੇ ਕਾਨੂੰਨੀ ਝਗੜੇ ਦਾ ਨਿਪਟਾਰਾ ਸਿਰਫ ਜ਼ਿਲ੍ਹਾ ਅਦਾਲਤ ਮੋਗਾ ਵਿੱਚ ਹੀ ਕੀਤਾ ਜਾਵੇਗਾ।7.ਜੇਕਰ ਕਿਸੇ ਨੂੰ 'ਮਹਿਕ ਵਤਨ ਦੀ ਲਾਈਵ' ਪੇਪਰ ਦੇ ਸਬੰਧਤ ਮੈਟਰ ਤੇ ਕਿਸੇ ਪ੍ਰਕਾਰ ਦਾ ਇਤਰਾਜ਼ ਹੋਵੇ ਤਾਂ ਉਹ ਪੇਪਰ ਛਪਣ ਤੋਂ 15 ਦਿਨਾਂ ਦੇ ਅੰਦਰ -ਅੰਦਰ ਆਪਣੇ ਇਤਰਾਜ਼ ਪ੍ਰਗਟ ਕਰ ਸਕਦਾ ਹੈ ਇਸ ਤੋਂ ਬਾਅਦ ਅਦਾਰਾ ਜ਼ਿੰਮੇਵਾਰ ਨਹੀਂ ਹੋਵੇਗਾ।8.ਸੰਪਾਦਕ ਦਾ ਲੇਖਕ ਦੇ ਵਿਚਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

ਲੇਖਕਾਂ ਪ੍ਰਤੀ 1.'ਮਹਿਕ ਵਤਨ ਦੀ ਲਾਈਵ' ਲਈ ਰਚਨਾਵਾਂ ਭੇਜਣ ਸਮੇਂ ਲੇਖਕਾਂ ਲਈ ਜ਼ਰੂਰੀ ਹੈ ਕਿ ਆਪਣੀ ਰਚਨਾ ਤਸਦੀਕ ਕਰਕੇ ਭੇਜਣ ਕਿ ਇਹ ਰਚਨਾ ਉਹਨਾਂ ਦੀ ਮੌਲਿਕ ਰਚਨਾ ਹੈ।2.ਰਚਨਾਵਾਂ ਭੇਜਦੇ ਸਮੇਂ ਉਸ ਦੀ ਕਾਪੀ ਆਪਣੇ ਕੋਲ ਜ਼ਰੂਰ ਰੱਖ ਲਵੋ, ਰਚਨਾ ਵਾਪਸ ਨਹੀਂ ਭੇਜੀ ਜਾਵੇਗੀ, ਨਾ ਛਪਣਯੋਗ ਰਚਨਾ ਉਸ ਸੂਰਤ ਵਿੱਚ ਵਾਪਸ ਭੇਜੀ ਜਾਵੇਗੀ ਅਗਰ ਟਿਕਟ ਲੱਗਾ ਅਡਰੈਸ ਕੀਤਾ ਲਿਫ਼ਾਫਾ ਨਾਲ ਹੋਵੇਗਾ।3.ਰਚਨਾਵਾਂ ਪੇਜ਼ ਦੇ ਇਕ ਪਾਸੇ ਸਾਫ ਸਾਫ ਕਰਕੇ ਲਿਖੀਆਂ ਜਾਣ ਜਾਂ ਟਾਈਪ ਕਰਕੇ ਭੇਜੀਆਂ ਜਾਣ ਜਾਂ ਈਮੇਲ ਅਡਰੈਸ 'ਤੇ ਭੇਜੀਆਂ ਜਾਣ।4.ਕਿਸੇ ਵੀ ਲੇਖਕ ਨੂੰ ਉਸ ਦੀਆਂ ਰਚਨਾਵਾਂ ਦੀ ਕੋਈ ਕੀਮਤ ਨਹੀਂ ਦਿੱਤੀ ਜਾਂਦੀ ਹੈ।

ਟਾਈਟਲ ਡਿਜ਼ਾਇਨਿੰਗ : WP&S
ਮੈਗਜ਼ੀਨ, ਕਿਤਾਬਾਂ, ਪੋਸਟਰ, ਕੈਲੰਡਰ, ਸਕੂਲਾਂ ਨਾਲ ਸੰਬੰਧਤ ਹਰ ਤਰ੍ਹਾਂ ਦਾ ਕੰਮ ਕਰਵਾਉਣ ਲਈ ਸੰਪਰਕ ਕਰੋ।
ਮੋ. 98153-78692

**ਵਿਸ਼ੇਸ ਨੋਟ**
'ਮਹਿਕ ਵਤਨ ਦੀ ਲਾਈਵ' ਪੇਪਰ ਸਬੰਧੀ ਹਰ ਪ੍ਰਕਾਰ ਦੀ ਜਾਣਕਾਰੀ ਲਈ Help Line: (+91) 9988-92-9988 ਤੇ ਸਿਰਫ ਸਵੇਰੇ 10 ਵਜੇ ਤੋ ਸ਼ਾਮ 5 ਵਜੇ ਤੱਕ ਹੀ ਸੰਪਰਕ ਕੀਤਾ ਜਾਵੇ।

Scanned with CamScanner




# ਨਾਨਕਸਰ ਠਾਠ ਮੰਡੀਰਾਂ ਵਿਖੇ ਬਾਬਾ ਨੰਦ ਸਿੰਘ ਜੀ ਦੀ ਸਲਾਨਾ ਬਰਸੀ ਬੜੀ ਸਰਧਾ ਤੇ ਧੂਮਧਾਮ ਨਾਲ ਮਨਾਈ ਗਈ

## ਸੰਤ ਬਾਬਾ ਬਲਦੇਵ ਸਿੰਘ ਜੀ ਮੰਡੀਰਾਂ ਅਤੇ ਭਾਈ ਹਰਪ੍ਰੀਤ ਸਿੰਘ ਡੋਨੀ ਚੜਿੱਕ ਵੱਲੋਂ ਸਹਿਯੋਗੀਆਂ ਅਤੇ ਸੇਵਾਦਾਰ ਨੂੰ ਕੀਤਾ ਗਿਆਂ ਸਨਮਾਨਿਤ



ਮੰਡੀਰਾਂ (ਬਾਘਾ ਪੁਰਾਣਾ) / ਭਵਨਦੀਪ ਸਿੰਘ ਪੁਰਬਾ

ਨਾਨਕਸਰ ਠਾਠ ਮੰਡੀਰਾ ਵਿਖੇ ਮੁੱਖ ਸੇਵਾਦਾਰ ਸੰਤ ਬਾਬਾ ਬਲਦੇਵ ਸਿੰਘ ਜੀ ਮੰਡੀਰਾਂ ਵਾਲਿਆ ਦੀ ਸ੍ਰਪਰਸਤੀ ਵਿੱਚ ਸੰਤ ਬਾਬਾ ਨੰਦ ਸਿੰਘ ਜੀ ਮਹਾਰਾਜ ਕਲੇਰਾ ਵਾਲਿਆ ਦੀ ਸਲਾਨਾ ਬਰਸੀ ਬੜੀ ਸਰਧਾ ਤੇ ਧੂਮਧਾਮ ਨਾਲ ਮਨਾਈ ਗਈ।

ਇਸ ਸਬੰਧੀ ਜਾਣਕਾਰੀ ਦਿੰਦਿਆ ਭਾਈ ਹਰਪ੍ਰੀਤ ਸਿੰਘ ਡੋਨੀ ਨੇ ਦੱਸਿਆ ਕਿ ਗੁਰੂ ਨਾਨਕ ਦਰਬਾਰ ਨਾਨਕਸਰ ਠਾਠ ਮੰਡੀਰਾਂ ਵਿਖੇ ਸੰਤ ਬਾਬਾ ਬਲਦੇਵ ਸਿੰਘ ਜੀ ਮੰਡੀਰਾਂ ਵਾਲਿਆ ਦੀ ਸ੍ਰਪਰਸਤੀ ਵਿੱਚ ਸੰਤ ਬਾਬਾ ਨੰਦ ਸਿੰਘ ਜੀ ਮਹਾਰਾਜ ਕਲੇਰਾ ਵਾਲਿਆ ਦੀ ਬਰਸ਼ੀ ਬੜੀ ਸ਼ਰਧਾ ਤੇ ਧੂਮਧਾਮ ਨਾਲ ਮਨਾਈ ਗਈ। ਬਰਸੀ ਦੇ ਸਬੰਧ ਵਿੱਚ ਰਾਤ ਨੂੰ ਰੈਣ ਸਵਾਈ ਕੀਰਤਨ ਦਰਬਾਰ ਹੋਇਆ ਅਤੇ ਅਗਲੀ ਸਵੇਰੇ ਨੂੰ ਬਰਸੀ ਦੇ ਸਬੰਧ ਵਿੱਚ ਸੁਰੂ ਹੋਈ ਸ਼੍ਰੀ ਅਖੰਡ ਪਾਠ ਸਾਹਿਬ ਦੀ ਕੋਤਰੀ ਦੀ ਸਮਾਪਤੀ ਅਤੇ ਸ਼੍ਰੀ ਅਖੰਡ ਪਾਠ ਸਾਹਿਬ ਦੇ ਭੋਗ ਸੁਬਾ 9 ਵਜੇ ਪਾਏ ਪਾਏ ਗਏ। ਉਪਰੰਤ ਧਾਰਮਿਕ ਦੀਵਾਨ ਸਜਿਆ।ਇਨ੍ਹਾਂ ਸਮਾਗਮਾ ਵਿੱਚ ਨਾਨਕਸਰ ਦੇ ਮੋਜੂਦਾ ਮਹਾਪੁਰਖ ਸੰਤ ਬਾਬਾ ਘਾਲਾ ਸਿੰਘ ਜੀ ਨਾਨਕਸਰ ਵਾਲਿਆਂ ਦਾ ਵਿਸ਼ੇਸ਼ ਸਹਿਯੋਗ ਰਿਹਾ।

ਇਨ੍ਹਾਂ ਸਮਾਗਮਾ ਵਿੱਚ ਨਾਨਕਸਰ ਦੇ ਮੋਜੂਦਾ ਮਹਾਪੁਰਖ ਸੰਤ ਬਾਬਾ ਘਾਲਾ ਸਿੰਘ ਜੀ ਨਾਨਕਸਰ ਵਾਲੇ, ਰਾਗੀ ਭਾਈ ਬੱਗਾ ਸਿੰਘ ਜੀ ਨਾਨਕਸਰ, ਬਾਬਾ ਗੁਰਦੀਪ ਸਿੰਘ ਜੀ ਚੰਦਪੁਰਾਣਾ, ਬਾਬਾ ਰੇਸ਼ਮ ਸਿੰਘ ਜੀ ਖੁਖਰਾਣੇ ਵਾਲੇ, ਭਾਈ ਮਨਿੰਦਰਪਾਲ ਸਿੰਘ (ਹਜੂਰੀ ਰਾਗੀ ਸ਼੍ਰੀ ਦਰਬਾਰ ਸਾਹਿਬ), ਭਾਈ ਇਕਬਾਲ ਸਿੰਘ ਜੀ ਲੰਗੇਆਣੇ ਵਾਲੇ, ਬਾਬਾ ਹਰਵਿੰਦਰ ਸਿੰਘ ਰੌਲੀ ਵਾਲੇ, ਰਾਗੀ ਭਾਈ ਗੁਰਚਰਨ ਸਿੰਘ ਰਸੀਲਾ, ਬਾਬਾ ਗੁਰਮੀਤ ਸਿੰਘ ਜੀ ਖੋਸਾ ਕੋਟਲਾ ਵਾਲੇ, ਬਾਬਾ ਅਮਰਜੀਤ ਸਿੰਘ ਗਾਲਿਬ ਖੁਰਦ, ਬਾਬਾ ਪਰਦੀਪ ਸਿੰਘ ਚਾਦਪੁਰੇ ਵਾਲੇ, ਭਾਈ ਅਮਨਪਾਲ ਸਿੰਘ ਬਾਘਾ ਪੁਰਾਣਾ, ਬਾਬਾ ਸੁਰਜੀਤ ਸਿੰਘ ਦਮਦਮੀ ਟਕਸਾਲ, ਬਾਬਾ ਸੁਰਜੀਤ ਸਿੰਘ ਮੈਰੋਵਾਲੇ, ਬਾਬਾ ਜਸਪਾਲ ਸਿੰਘ ਲੱਲੀਆ ਵਾਲੇ, ਬਾਬਾ ਅਰਵਿੰਦਰ ਸਿੰਘ ਨਾਨਕਸਰ ਵਾਲੇ, ਭਾਈ ਬਲਜਿੰਦਰ ਸਿੰਘ ਰੋਡਿਆ ਵਾਲੇ, ਬਾਬਾ ਜਰਨੈਲ ਸਿੰਘ, ਬਾਬਾ ਹਰੀ ਸਿੰਘ, ਬਾਬਾ ਮਹਿੰਦਰ ਸਿੰਘ ਮੋਗੇ ਵਾਲੇ, ਭਾਈ ਸਤਨਾਮ ਸਿੰਘ ਰਣੀਆਂ ਵਾਲੇ, ਗਿਆਨੀ ਗੁਰਬਚਨ ਸਿੰਘ ਸੰਘੇੜਾ ਜੀਰੇ ਵਾਲੇ, ਬਾਬਾ ਸੁਖਦੇਵ ਸਿੰਘ ਮਲੇਰ ਕੋਟਲਾ, ਭਾਈ ਗੁਰਬਚਨ ਸਿੰਘ ਰਸੀਲਾ, ਬਾਬਾ ਜਸਪ੍ਰੀਤ ਸਿੰਘ ਨਾਨਕਸਰ ਵਾਲੇ, ਭਾਈ ਚਮਕੌਰ ਸਿੰਘ ਭਾਈਰੂਪੇ ਵਾਲੇ, ਭਾਈ ਦਵਿੰਦਰ ਸਿੰਘ ਪੀਰ ਮੁਹੰਮਦ ਵਾਲੇ ਆਦਿ ਹੋਰ ਕਈ ਸੰਤਾਂ ਮਹਾਪੁਰਖਾਂ ਅਤੇ ਜੱਥਿਆਂ ਨੇ ਆਪਣੇ ਪ੍ਰਵਚਨਾ ਦੁਆਰਾ ਸੰਗਤਾ ਨੂੰ ਨਿਹਾਲ ਕੀਤਾ।

ਇਸ ਮੌਕੇ ਹੋਰਨਾ ਤੋਂ ਇਲਾਵਾ ਡਾ. ਅਮਨਦੀਪ ਕੌਰ ਅਰੋੜਾਂ ਵਾਇਸ ਪ੍ਰਧਾਨ (ਮਹਿਲਾ ਵਿੰਗ) ਆਮ ਆਦਮੀ ਪਾਰਟੀ ਪੰਜਾਬ, ਡਾ. ਰਾਕੇਸ਼ ਅਰੋੜਾ ਮੋਗਾ ਆਦਿ ਮੁੱਖ ਤੌਰ ਤੇ ਹਾਜਰ ਹੋਏ। ਸਮਾਗਮ ਦੌਰਾਨ ਕੇਵਲ ਸਿੰਘ ਸਾਫੂਵਾਲਾ, ਮਨਪ੍ਰੀਤ ਸ਼ਰਮਾਂ, ਲਵਲੀ ਸ਼ਰਮਾਂ, ਭੋਲਾ ਸਿੰਘ, ਗੁਰਨਾਮ ਸਿੰਘ 'ਮੋਹਣੀ' ਮੰਡੀਰਾਂ, ਹੈਪੀ, ਰਾਜ ਸਿੰਘ ਝੰਡੇਵਾਲਾ, ਇਕਬਾਲ ਸਿੰਘ ਗਿੱਲ, ਅਮਰਜੀਤ ਸਿੰਘ ਫਰੀਦਕੋਟ, ਗੁਰਤੇਜ ਸਿੰਘ, ਸਾਬਕਾ ਸਰਪੰਚ ਦਵਿੰਦਰ ਸਿੰਘ, ਜਗਸ਼ੀਰ ਸਿੰਘ ਸਾਫੂਵਾਲਾ, ਗੁਰਵਿੰਦਰ ਸਿੰਘ ਬਲਾਕ ਪ੍ਰਧਾਨ ਮੋਗਾ-1, ਭੁਪਿੰਦਰ ਸਿੰਘ ਸਰਾਂ, ਗੁਰਚਰਨ ਸਿੰਘ ਬਿੱਟੂ, ਪ੍ਰਧਾਨ ਡਾ. ਹਰਦੀਪ ਸਿੰਘ ਜੀਰਾ, ਕੁਲਦੀਪ ਸਿੰਘ ਕੀਪਾ, ਕਮਲ ਸਾਫੂਵਾਲਾ, ਰਾਜਵੀਰ ਸਿੰਘ ਲਾਲਾ ਚੜਿੱਕ, ਤੀਰਥ ਚੜਿੱਕ ਆਦਿ ਨੇ ਵਿਸ਼ੇਸ ਸੇਵਾ ਨਿਭਾਈ।

ਸਟੇਜ ਦੀ ਸੇਵਾ ਨਛੱਤਰ ਸਿੰਘ ਚੀਮਾਂ ਨੇ ਬਾਖੂਬੀ ਨਿਭਾਈ। ਸਾਰਾ ਸਮਾਗਮ ਮੁੱਖ ਪ੍ਰਬੰਧਕ ਭਾਈ ਹਰਪ੍ਰੀਤ ਸਿੰਘ ਡੋਨੀ ਚੜਿਕ ਦੀ ਦੇਖ-ਰੇਖ ਅਤੇ ਯੋਗ ਪ੍ਰਬੰਧਾ ਹੇਠ ਇਲਾਕਾ ਨਿਵਾਸੀ ਤੇ ਸੰਗਤਾ ਦੇ ਸਹਿਯੋਗ ਨਾਲ ਹੋਇਆ। ਸਮਾਗਮ ਵਾਸਤੇ ਸ਼ਾਨਦਾਰ ਦਰਬਾਰ ਸਜਾਇਆਂ ਗਿਆਂ। ਸਾਰੇ ਹੀ ਸੇਵਾਦਾਰਾ ਨੇ ਆਪਣੀ ਆਪਣੀ ਡਿਊਟੀ ਬੜੇ ਸੁਚੱਜੇ ਢੰਗ ਨਾਲ ਨਿਭਾਈ। ਇਨ੍ਹਾਂ ਸਮਾਗਮਾ ਮੌਕੇ ਲੱਡੂ, ਜਲੇਬੀਆਂ, ਠੰਡੇ ਮਿੱਠੇ ਜਲ, ਚਾਹ ਅਤੇ ਗੁਰੂ ਕਾ ਅਟੁੱਟ ਲੰਗਰ ਚੱਲਦਾ ਰਿਹਾ।

ਦੀਵਾਨ ਦੀ ਸਮਾਪਤੀ ਉਪਰੰਤ ਮੁੱਖ ਸੇਵਾਦਾਰ ਸੰਤ ਬਾਬਾ ਬਲਦੇਵ ਸਿੰਘ ਜੀ ਮੰਡੀਰਾ ਅਤੇ ਮੁੱਖ ਪ੍ਰਬੰਧਕ ਭਾਈ ਹਰਪ੍ਰੀਤ ਸਿੰਘ ਡੋਨੀ ਚੜਿੱਕ ਵੱਲੋਂ ਆਈਆਂ ਹੋਈਆਂ ਸਾਰੀਆਂ ਸੰਗਤਾ ਦਾ ਧੰਨਵਾਦ ਕੀਤਾ ਗਿਆਂ ਅਤੇ ਸਹਿਯੋਗੀਆਂ ਅਤੇ ਸੇਵਾਦਾਰ ਨੂੰ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ ਗਿਆਂ। ਦੋਨੇ ਦਿਨਾ ਦਾ ਸਾਰਾ ਸਮਾਗਮ 'ਮਹਿਕ ਵਤਨ ਦੀ ਲਾਈਵ' ਟੀ.ਵੀ., ਨਾਨਕਸਰ ਟੀ.ਵੀ. ਅਤੇ ਹੋਰ ਚੈਨਲਾ ਤੇ ਸਿੱਧਾ ਪ੍ਰਸ਼ਾਰਨ ਹੋਇਆ।

'ਮਹਿਕ ਵਤਨ ਦੀ ਲਾਈਵ' ਟੀ.ਵੀ. ਤੇ ਗੁਰੂ ਨਾਨਕ ਦਰਬਾਰ ਨਾਨਕਸਰ ਠਾਠ ਮੰਡੀਰਾਂ ਵਿਖੇ ਸਾਲਾਨਾ ਬਰਸ਼ੀ ਸਮਾਗਮ 2021 (20 ਸਤੰਬਰ ਦੀ ਰਾਤ ਰੈਣ-ਸਬਾਈ ਅਤੇ 21 ਸਤੰਬਰ ਦਿਨੇ ਕੋਤਰੀ ਦੀ ਸਮਾਪਤੀ ਤੇ ਕੀਰਤਨ ਦਰਬਾਰ) ਦਾ ਸਿੱਧਾ ਪ੍ਰਸ਼ਾਰਨ ਹੋਇਆ। ਮੁੱਖ ਸੇਵਾਦਾਰ ਬਾਬਾ ਬਲਦੇਵ ਸਿੰਘ ਜੀ ਮੰਡੀਰਾਂ ਅਤੇ ਮੁੱਖ ਪ੍ਰਬੰਧਕ ਭਾਈ ਹਰਪ੍ਰੀਤ ਸਿੰਘ ਡੋਨੀ ਚੜਿੱਕ ਦਾ ਭਵਨਦੀਪ ਸਿੰਘ ਪੁਰਬਾ ਵੱਲੋਂ ਧੰਨਵਾਦ ਕੀਤਾ ਗਿਆ ਜਿਨ੍ਹਾਂ ਨੇ 'ਮਹਿਕ ਵਤਨ ਦੀ ਲਾਈਵ' ਬਿਓਰੋ ਨੂੰ ਪੱਕੇ ਤੌਰ ਤੇ ਇਹ ਸੇਵਾ ਸੌਂਪੀ ਹੈ। ਇਨ੍ਹਾਂ ਸਮਾਗਮਾ ਦਾ ਮੁੜ ਪ੍ਰਸਾਰਨ ਤੁਸੀਂ ਵੈਬ ਸਾਈਟ www.mehakwatandilive.com ਕਲਿੱਕ ਕਰਕੇ ਵੇਖ ਸਕਦੇ ਹੋ।



www.mehakwatandilive.com
Youtube/ Mehak Watan Di Live

## ਅੰਮ੍ਰਿਤ ਦੀ ਦਾਤ ਪ੍ਰਾਪਤ ਕਰਨ ਵਾਲੇ ਜੀਵ ਦਾ ਲੋਕ ਅਤੇ ਪ੍ਰਲੋਕ ਸਫ਼ਲ ਹੋ ਜਾਂਦਾ -ਬਾਬਾ ਗੁਰਦੀਪ ਸਿੰਘ ਚੰਦਪੁਰਾਣਾ



ਮਾਲਵੇ ਦੇ ਪ੍ਰਸਿੱਧ ਅਤੇ ਪਵਿੱਤਰ ਇਤਿਹਾਸਕ ਅਸਥਾਨ ਗੁਰਦੁਆਰਾ ਸ਼ਹੀਦ ਬਾਬਾ ਤੇਗਾ ਸਿੰਘ ਤਪ ਅਸਥਾਨ ਸੱਚਖੰਡ ਵਾਸੀ ਬਾਬਾ ਨਛੱਤਰ ਸਿੰਘ ਚੰਦ ਪੁਰਾਣਾ ਵਿਖੇ ਸਮੂਹ ਸੰਗਤਾਂ ਦੇ ਸਹਿਯੋਗ ਦੇ ਨਾਲ ਮੁੱਖ ਸੇਵਾਦਾਰ ਬਾਬਾ ਗੁਰਦੀਪ ਸਿੰਘ ਵੱਲੋਂ ਪੁੰਨਿਆ ਦਾ ਦਿਹਾੜਾ ਬੜੀ ਸ਼ਰਧਾ ਨਾਲ ਮਨਾਇਆ ਗਿਆ।ਜਿੱਥੇ ਸਵੇਰ ਤੋਂ ਲੈ ਕੇ ਸੰਗਤਾਂ ਨੇ ਪਵਿੱਤਰ ਸਰੋਵਰ ਵਿੱਚ ਇਸ਼ਨਾਨ ਕੀਤਾ। ਉਪਰੰਤ ਸਜੇ ਪੰਡਾਲ ਦੇ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੱਗੇ ਨਤਮਸਤਕ ਹੋ ਕੇ ਹਾਜ਼ਰੀ ਲਵਾਈ। ਇਸ ਮੌਕੇ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਇਲਾਹੀ ਬਾਣੀ ਦੇ ਤਿੰਨ ਅਖੰਡ ਪਾਠਾਂ ਦੇ ਭੋਗ ਪਾਏ ਗਏ ਉਪਰੰਤ ਰੱਬੀ ਬਾਣੀ ਦਾ ਕੀਰਤਨ ਭਾਈ ਸਿਮਰਨ ਸਿੰਘ, ਭਾਈ ਇਕਬਾਲ ਸਿੰਘ ਦੀ ਲੰਘੇਆਣ ਵਾਲੇ, ਬਾਬਾ ਸੁਖਦੇਵ ਸਿੰਘ ਜੀ ਝੁਮੇਲੀ ਵਾਲਿਆਂ ਵੱਲੋਂ ਰੱਬੀ ਬਾਣੀ ਦਾ ਕੀਰਤਨ ਕੀਤਾ ਗਿਆ।

ਇਸ ਮੌਕੇ ਕਵੀਸ਼ਰੀ ਜਥਾ ਭਾਈ ਵੀਰ ਭਾਨ ਸਿੰਘ ਮਾਲਵਾ ਵੱਲੋਂ ਵੀ ਸੰਗਤਾਂ ਨੂੰ ਗੁਰੂ ਜੱਸ ਸੁਣਾ ਕੇ ਗੁਰੂ ਲੜ ਲਾਇਆ ਗਿਆ। ਇਸ ਮੌਕੇ ਗੁਰੂ ਸਹਿਬਾਨਾਂ ਵੱਲੋਂ ਸਾਜੇ ਗਏ ਪੰਜ ਪਿਆਰੇ ਗੁਰੂ ਘਰ ਵਿਖੇ ਪੁੱਜੇ ਜਿੱਥੇ ਉਨ੍ਹਾਂ ਦਾ ਜੈਕਾਰਿਆਂ ਨਾਲ ਸਵਾਗਤ ਕੀਤਾ ਗਿਆ ਅਤੇ 36 ਪ੍ਰਾਣੀਆਂ ਨੂੰ ਖੰਡੇ ਬਾਟੇ ਦਾ ਅੰਮ੍ਰਿਤ ਛਕਾ ਕੇ ਗੁਰੂ ਵਾਲੇ ਬਣਾਇਆ। ਇਸ ਮੌਕੇ ਕਕਾਰ ਗੁਰੂ ਘਰ ਵੱਲੋਂ ਫ੍ਰੀ ਦਿੱਤੇ ਗਏ 20 ਕਿਲੋਮੀਟਰ ਦੀ ਜ਼ਿਆਦਾ ਦੂਰੀ ਤੋਂ ਆਉਣ ਵਾਲੇ ਪ੍ਰਾਣੀਆਂ ਨੂੰ ਕਰਾਇਆ ਦਿੱਤਾ ਗਿਆ ਅਤੇ ਬਸਤਰ ਵੀ ਵੰਡੇ ਗਏ।

ਇਸ ਮੌਕੇ ਸੰਗਤਾਂ ਨੂੰ ਸੰਬੋਧਨ ਕਰਦਿਆਂ ਬਾਬਾ ਗੁਰਦੀਪ ਸਿੰਘ ਜੀ ਮੁੱਖ ਸੇਵਾਦਾਰ ਨੇ ਕਿਹਾ ਕਿ ਅੰਮ੍ਰਿਤ ਦੀ ਦਾਤ ਵੱਡੇ ਭਾਗਾਂ ਵਾਲੇ ਜੀਵ ਨੂੰ ਨਸੀਬ ਹੁੰਦੀ ਹੈ। ਉਨ੍ਹਾਂ ਅੱਗੇ ਕਿਹਾ ਕਿ ਸਿੱਖ ਪੰਥ ਨੂੰ ਧੰਨ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਖੰਡੇ ਬਾਟੇ ਦੀ ਪਾਹੁਲ ਅੰਮ੍ਰਿਤ ਰੂਪ ਵਿੱਚ ਜੋ ਬਖਸ਼ਿਸ਼ ਕੀਤੀ ਹੈ ਉਸ ਬਾਰੇ ਸਾਰਾ ਸਿੱਖ ਪੰਥ ਗੁਰੂ ਸਾਹਿਬ ਜੀ ਦੀ ਦੇਣ ਨਹੀਂ ਦੇ ਸਕਦਾ,ਕਿਉਂਕਿ ਦਸਮ ਪਿਤਾ ਜੀ ਨੇ 13 ਅਪ੍ਰੈਲ ਸੰਨ 1699 ਈ: ਨੂੰ ਖੰਡੇ ਬਾਟੇ ਦੀ ਦਾਤ ਦੇ ਕੇ ਇਸ ਪੰਥ ਨੂੰ ਸਦਾ ਲਈ ਜੁਗੋ ਜੁਗ ਅਟੱਲ ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦੇ ਲੜ ਲਾ ਦਿੱਤਾ ਅਤੇ ਇਹ ਹੁਕਮ ਕੀਤਾ ਕਿ ਹਰ ਗੁਰੂ ਨਾਨਕ ਨਾਮ ਲੇਵਾ ਗੁਰ ਸਿੱਖ ਖੰਡੇ ਬਾਟੇ ਦਾ ਅੰਮ੍ਰਿਤ ਛੱਕ ਕੇ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਹੀ ਆਪਣਾ ਗੁਰੂ ਮੰਨੇ।

ਪਰ ਅੱਜ ਬੜੇ ਅਫ਼ਸੋਸ ਨਾਲ ਕਹਿਣਾ ਪੈ ਰਿਹਾ ਹੈ ਕਿ ਅਸੀਂ ਗੁਰੂ ਸਾਹਿਬਾਂ ਦੇ ਉਪਦੇਸ਼ ਤੋਂ ਭਟਕ ਕੇ ਉਨ੍ਹਾਂ ਰਾਹਾਂ ਦੇ ਪਾਂਧੀ ਬਣ ਰਹੇ ਹਾਂ ਜਿਨ੍ਹਾਂ ਰਾਹਾਂ ਤੇ ਸਾਨੂੰ ਔਕੜਾਂ ਹੀ ਮਿਲਦੀਆਂ ਹਨ ਇਸ ਲਈ ਜੀਵ ਨੂੰ ਆਪਣਾ ਲੋਕ ਅਤੇ ਪ੍ਰਲੋਕ ਸਫ਼ਲ ਕਰਨ ਦੇ ਲਈ ਅੰਮ੍ਰਿਤ ਦੀ ਦਾਤ ਪ੍ਰਾਪਤ ਕਰਨੀ ਚਾਹੀਦੀ ਹੈ ਕਿਉਂਕਿ ਸਮਾਂ ਬਹੁਤ ਭਿਆਨਕ ਆ ਰਿਹਾ ਹੈ।ਉਸ ਅਕਾਲ ਪੁਰਖ ਦੀ ਬਾਣੀ ਵਿੱਚ ਇੰਨੀ ਤਾਕਤ ਹੈ ਕਿ ਜਦ ਅਸੀਂ ਉਸ ਮੁਤਾਬਕ ਜੀਵਨ ਅਪਣਾ ਢਾਲ ਲਵਾਂਗੇ ਤਾਂ ਸਾਨੂੰ ਦੁਨੀਆਂ ਭਰ ਦੀ ਕੋਈ ਵੀ ਔਕੜ ਸਾਨੂੰ ਹਰਾ ਨਹੀਂ ਸਕੇਗੀ। ਇਸ ਮੌਕੇ ਹੋਰਨਾਂ ਤੋਂ ਇਲਾਵਾ ਕੁਲਵੀਰ ਸਿੰਘ ਕੋਠੇ ਪੱਤੀ ਮੁਹੱਬਤ, ਧਰਮ ਸਿੰਘ ਕਾਲੇਕੇ, ਭਜਨ ਸਿੰਘ, ਨਛੱਤਰ ਸਿੰਘ ਫੌਜੀ ਅਜਮੇਰ ਸਿੰਘ,ਸੁੱਖਾ ਸਿੰਘ ਮੋਗਾ ਗੁਰਜੰਟ ਸਿੰਘ ਚੰਦ ਪੁਰਾਣਾ, ਭਾਈ ਚਮਕੌਰ ਸਿੰਘ ਚੰਦ ਪੁਰਾਣਾ ਆਦਿ ਸੰਗਤਾਂ ਹਾਜ਼ਰ ਸਨ।

### ਲੇਖਕ ਸਹਿਬਾਨ ਨੋਟ ਕਰਨ

ਮਹਿਕ ਵਤਨ ਦੀ ਲਾਈਵ ਵੱਲੋਂ ਵੈਬਸਾਈਟ ਐਡੀਸ਼ਨ ਤੇ

**ਖੇਤੀ ਬਾੜੀ ਅਤੇ ਸਿਖਿਆ ਸੰਸਾਰ**

ਕਾਲਮ ਸ਼ੁਰੂ ਕੀਤਾ ਗਿਆ ਹੈ।

ਖੇਤੀ ਬਾੜੀ ਅਤੇ ਸਿਖਿਆ ਸੰਸਾਰ ਨਾਲ ਸਬੰਧਤ ਮੈਂਟਰ ਹੇਠ ਦਿੱਤੇ ਈ-ਮੇਲ ਅਡਰੈਸ ਤੇ ਭੇਜ ਸਕਦੇ ਹੋ।

chief_editor@mehakwatandilive.com
or mehakwattandi@rediffmail.com

Audio Recording
Video Albums
Cassetts Realising
A.D. Films
Book Publish
Book Printing
Param
Advertisment in all of Newspaper & Magazine
For Kind Information Contact by
Param Production Regd.
001-778-241-2148
+91-98766-94771
Email : param_production@rediffmail.com

Scanned with CamScanner

# ਦੇਸ਼-ਵਿਦੇਸ਼ਾ ਵਿੱਚ ਵਸਦੀ ਸਮੂੰਹ ਸੰਗਤ ਜੀ ਨੂੰ ਸ਼੍ਰੀ ਗੁਰੂ ਰਾਮਦਾਸ ਜੀ ਦੇ ਅਵਤਾਰ ਪੁਰਬ ਦੀਆਂ ਕੋਟਿ-ਕੋਟਿ ਮੁਬਾਰਕਾਂ ਹੋਵਣ ਜੀ!


ਸ. ਗਰਮੇਲ ਸਿੰਘ ਪੁਰਬਾ
ਰਿਟਾ: ਏ.ਏ.ਓ.
ਯੁਨਾਇਟਡ ਇੰਡੀਆ ਇੰਨਸ਼ੋਰੈਸ


ਸ. ਗਰਮੇਲ ਸਿੰਘ ਬੌਡੇ
ਪ੍ਰਸਿੱਧ ਸਾਹਿਤਕਾਰ
ਸਾਹਿਤਕ ਸਲਾਹਕਾਰ: ਮਵਦੀਲਾ ਬਿਓਰੋ


ਸੁਖਜੀਤ ਸਿੰਘ ਵਾਲੀਆ
ਇੰਚਾਰਜ ਪ੍ਰੇਟਿੰਗ ਸੈਕਸ਼ਨ
'ਮਹਿਕ ਵਤਨ ਦੀ ਲਾਈਵ' ਮੈਗਜੀਨ


ਬਾਬਾ ਰੇਸ਼ਮ ਸਿੰਘ ਖਾਲਸਾ
ਮੁੱਖ ਸੇਵਾਦਾਰ
ਗੁ: ਦੁੱਖਭੰਜਨਸਰ ਸਾਹਿਬ, ਖੁਖਰਾਣਾ


ਭਾਈ ਹਰਪ੍ਰੀਤ ਸਿੰਘ 'ਡੋਨੀ
ਮੁੱਖ ਪ੍ਰਬੰਧਕ
ਨਾਨਕਸਰ ਠਾਠ ਮੰਡੀਰਾਂ


ਗੁਰਸੇਵਕ ਸਿੰਘ ਸੰਨਿਆਸੀ
ਮੁੱਖ ਸਲਾਹਕਾਰ
ਸਰਬੱਤ ਦਾ ਭਲਾ ਟਰੱਸਟ, ਮੋਗਾ


ਸੁਖਦੇਵ ਸਿੰਘ ਬਰਾੜ
ਰਿਟਾਇਰਡ : ਡੀ. ਐਸ. ਪੀ.
(ਸ਼ਹਿਰੀ ਪ੍ਰਧਾਨ Rural NGO)


ਭਾਗਵੰਤੀ ਪੁਰਬਾ
ਉੱਪ-ਮੁੱਖ ਸੰਪਾਦਕ (ਆਨਰੇਰੀ)
'ਮਹਿਕ ਵਤਨ ਦੀ ਲਾਈਵ' ਬਿਓਰੋ


ਮੈਡਮ ਨਰਜੀਤ ਕੌਰ
ਦਫਤਰ ਸਕੱਤਰ
ਸਰਬੱਤ ਦਾ ਭਲਾ ਟਰੱਸਟ, ਮੋਗਾ


ਇਕਬਾਲ ਸਿੰਘ ਖੋਸਾ
ਸਹਿ ਸੰਪਾਦਕ
'ਮਹਿਕ ਵਤਨ ਦੀ ਲਾਈਵ' ਬਿਓਰੋ


ਢਾਢੀ ਸਾਧੂ ਸਿੰਘ ਧੰਮੂ
ਧਾਰਮਿਕ ਸੰਪਾਦਕ/ ਮੁੱਖ ਸੇਵਾਦਾਰ
ਢਾਢੀ ਕਵੀਸ਼ਰ ਕਲਾ ਬਚਾਓ ਲਹਿਰ


ਬਾਬਾ ਜਸਵਿੰਦਰ ਸਿੰਘ ਜੀ
ਸੇਵਾਦਾਰ
ਗੁ: ਬਾਬਾ ਹੀਰਾ ਸਿੰਘ ਜੀ, ਖੁਖਰਾਣਾ


ਮਨਿੰਦਰ ਮੋਗਾ
ਇਚਾਰਜ: ਵੈੱਬ ਟੀ.ਵੀ. ਚੈਨਲ
'ਮਹਿਕ ਵਤਨ ਦੀ ਲਾਈਵ' ਬਿਓਰੋ


ਮਨਮੋਹਨ ਸਿੰਘ ਚੀਮਾਂ
ਪ੍ਰੈਸ ਫੋਟੋ ਗ੍ਰਾਫਰ/ ਕੈਮਰਾਮੈਨ
'ਮਹਿਕ ਵਤਨ ਦੀ ਲਾਈਵ' ਬਿਓਰੋ

**ਸਾਡੇ ਮਾਣਯੋਗ ਪੱਤਰਕਾਰ, ਪ੍ਰਤੀਨਿਧ ਅਤੇ ਪਤਵੰਤੇ ਸੱਜਣ, ਭੈਣ-ਭਰਾਵਾਂ ਦਾ ਹਾਰਦਿਕ ਧੰਨਵਾਦ! ਜਿਨ੍ਹਾਂ ਦੇ ਸਹਿਯੋਗ ਸਦਕਾਂ ਇਹ ਵਿਸ਼ੇਸ਼ ਸਪਲੀਮੈਂਟ ਪ੍ਰਕਾਸ਼ਿਤ ਕੀਤਾ ਗਿਆਂ ਹੈ। - ਮੁੱਖ ਸੰਪਾਦਕ**

Opening Soon in Moga

MEWADILA

Coffee's

...ਕੌਫੀ ਦਾ ਕੜਕ ਸਵਾਦ

Scanned with CamScanner




# ਨਹੀਂ ਭੁੱਲਦੀਆਂ ਪੁਰਾਤਨ ਕੰਧੋਲੀਆਂ ਤੇ ਬਣਾਈਆਂ ਹੋਈਆਂ ਚਿੜੀਆਂ ਘੁੱਗੀਆਂ



ਚਾਰ ਕੁ ਦਹਾਕੇ ਪਹਿਲਾਂ ਵਾਲਾ ਪੰਜਾਬ ਸਦਾ ਹੀ ਚੇਤਿਆਂ ਵਿੱਚ ਵਸਿਆ ਰਹੇਗਾ। ਕੱਚੀਆਂ ਇੱਟਾਂ ਦੇ ਤੇ ਗਾਰੇ ਮਿੱਟੀ ਨਾਲ ਬਣਾਈਆਂ ਕੰਧਾਂ ਵਾਲੇ ਘਰ ਅੰਦਰੋਂ ਅਜੋਕੇ ਏ ਸੀ ਦਾ ਭੁਲੇਖਾ ਪਾਇਆ ਕਰਦੇ ਸਨ,ਭਾਵ ਬਹੁਤ ਠੰਡੇ ਹੁੰਦੇ ਸਨ ਤੇ ਓਨਾਂ ਵਿਚ ਰਹਿਣ ਵਾਲੇ ਸਾਡੇ ਪੁਰਖਿਆਂ ਦੇ ਸੁਭਾਅ ਵੀ ਬਿਲਕੁਲ ਕੱਚਿਆਂ ਕੋਠਿਆਂ ਦੀ ਤਰ੍ਹਾਂ ਸ਼ਾਂਤ ਹੋਇਆ ਕਰਦੇ ਸਨ। ਮਤਲਬ ਹੀ ਨਹੀਂ ਸੀ ਕਦੇ ਸੁਭਾਅ ਦੇ ਵਿੱਚ ਕਿਸੇ ਵੀ ਕਿਸਮ ਦੀ ਤਲਖੀ ਆਈ ਹੋਵੇ।

ਸਾਰਿਆਂ ਘਰਾਂ ਵਿੱਚ ਦੁਧਾਰੂ ਪਸ਼ੂ ਰੱਖਣ ਦਾ ਰਿਵਾਜ ਵੀ ਸਿਖਰਾਂ ਤੇ ਰਿਹਾ ਹੈ। ਓਨਾਂ ਸਮਿਆਂ ਵਿੱਚ ਦੁੱਧ ਨੂੰ ਵੇਚਣਾ ਪੁੱਤ ਵੇਚਣ ਦੇ ਬਰਾਬਰ ਸਮਝਿਆ ਜਾਂਦਾ ਸੀ। ਹਾਂ ਉਧਾਰ ਸੁਧਾਰ ਦੇ ਰਿਵਾਜ ਜ਼ਰੂਰ ਸਨ, ਜੇਕਰ ਕਿਸੇ ਘਰ ਵਿੱਚ ਵੇਲੇ ਕੁਵੇਲੇ ਦੁੱਧ ਦੀ ਕੋਈ ਤੋਟ ਆ ਵੀ ਜਾਣੀ ਤਾਂ ਕਦੇ ਗਵਾਂਢੀ ਜਵਾਬ ਨਹੀਂ ਸਨ ਦਿੰਦੇ।ਔਰ ਉਸ ਨੂੰ ਦੁੱਧ ਦਹੀਂ ਜਾਂ ਜਿਸ ਵੀ ਚੀਜ਼ ਦੀ ਲੋੜ ਹੁੰਦੀ ਘਰ ਪਚਾਉਣ ਦਾ ਰਿਵਾਜ ਵੀ ਸਿਖਰਾਂ ਤੇ ਰਿਹਾ ਹੈ ਤੇ ਓਹ ਚੀਜ਼ ਕਦੇ ਚਿਤਾਰੀ ਵੀ ਨਹੀਂ ਜਾਂਦੀ ਸੀ ਕਿ ਅਸੀਂ ਤੈਨੂੰ ਕਿਸੇ ਸਮੇਂ ਦੁੱਧ ਜਾਂ ਕੋਈ ਚੀਜ਼ ਉਧਾਰੀ ਦਿੱਤੀ ਸੀ,ਭਾਵ ਮੰਗਦੇ ਵੀ ਨਹੀਂ ਸਨ। ਸਾਰਿਆਂ ਦੇ ਦਿਲਾਂ ਵਿੱਚ ਮੋਹ ਮੁਹੱਬਤ ਪਿਆਰ ਅਪਣੱਤ ਹੋਇਆ ਕਰਦਾ ਸੀ।

ਸਭਨਾਂ ਨੇ ਆਪੋ-ਆਪਣੇ ਹਿੱਸੇ ਦਾ ਕੰਮ ਆਪਣੇ ਹੱਥੀਂ ਕਰਨ ਦਾ ਰਿਵਾਜ ਸੀ ਇਸੇ ਕਰਕੇ ਹੀ ਸਿਹਤ ਵਧੀਆ ਹੋਇਆ ਕਰਦੀ ਸੀ। ਭਰਵੇਂ ਜੁੱਸੇ ਵਾਲੇ ਲੰਬੇ ਕੱਦ ਕਾਠ ਵਾਲੇ ਬੰਦੇ ਅਤੇ ਬੀਬੀਆਂ ਭੈਣਾਂ ਹੋਇਆ ਕਰਦੀਆਂ ਸਨ। ਸਰੀਰਾਂ ਵਿੱਚ ਜਾਨ ਹੁੰਦੀ ਸੀ। ਕੋਈ ਵੀ ਬੀਮਾਰੀ ਕਦੇ ਨੇੜੇ ਵੀ ਨਹੀਂ ਸੀ ਆਉਂਦੀ। ਨਾਸ਼ਤਾ ਕੋਈ ਵੀ ਜਾਣਦਾ ਤੱਕ ਨਹੀਂ ਸੀ ਛਾਹ ਵੇਲਾ ਤਰਕਾਲਾਂ ਲੌਢਾ ਵੇਲਾ ਪੁਰਾਤਨ ਪੰਜਾਬ ਦੇ ਵੇਲੇ ਹੋਇਆ ਕਰਦੇ ਸਨ।

ਕੱਚਿਆਂ ਘਰਾਂ ਨੂੰ ਲਿਪ ਪੋਚ ਕੇ ਸਿਆਣੀਆਂ ਸਵਾਣੀਆਂ ਨੇ ਇਉ ਰੱਖਣਾ ਜਿਵੇਂ ਕਿ ਥੱਲੇ ਰੱਖ ਕੇ ਵੀ ਰੋਟੀ ਖਾ ਲਈਏ।ਐਨੀ ਸਫ਼ਾਈ ਰੱਖਣੀ। ਛੱਪੜਾਂ ਵਿਚੋਂ ਚੀਕਣੀ ਮਿੱਟੀ ਕੱਢਕੇ ਉਸ ਨੂੰ ਬੱਠਲਾਂ ਨਾਲ ਘਰੀਂ ਢੋਹਣਾ ਵਿੱਚ ਪਲੋਂ (ਭਾਵ ਗਲੀ ਸੜੀ ਤੂੜੀ)ਰਲਾ ਕੇ ਵਾਢਾਂ ਦੇ ਦੇ ਕੇ ਬੰਦਿਆਂ ਨੇ ਉਸ ਨੂੰ ਲੇਸਦਾਰ ਬਣਾ ਦੇਣਾ, ਫਿਰ ਕੋਠਿਆਂ ਤੇ ਚਿੱਲ ਦੇਣੀ।ਲੋੜ ਮੁਤਾਬਕ ਕਾਲਾ ਤੇਲ ਵਿਚ ਮਿਲਾ ਲੈਣਾ ਤਾਂ ਕਿ ਮੀਂਹ ਦਾ ਪਾਣੀ ਤਿਲਕਦਾ ਰਹੇ।ਪਰ ਚਿਲ ਦੀ ਪਰਨਾਲੇ ਵਾਲੇ ਪਾਸੇ ਢਲਾਣ ਕਰਨੀ ਹਰ ਇੱਕ ਬੇਬੇ ਦੇ ਵੱਸ ਦਾ ਰੋਗ ਨਹੀਂ ਸੀ ਬਲਕਿ ਇਸ ਕਾਰਜ ਲਈ ਖਾਸ ਮੁਹਾਰਤ ਵਾਲੀ ਬੇਬੇ ਹੀ ਚਿਲ ਦਿਆ ਕਰਦੀ ਸੀ।

ਇਸੇ ਤਰ੍ਹਾਂ ਚੁੱਲ੍ਹੇ ਚੌਂਕੇ ਵਿੱਚ ਵੀ ਬਹੁਤ ਸਫ਼ਾਈ ਨਾਲ ਲਾਲ ਮਿੱਟੀ ਫੇਰਨੀ ਤੇ ਚੁੱਲ੍ਹੇ,ਹਾਰੀ, ਹਾਰੇ ਕੰਧੋਲੀ ਤੇ ਚਿੱਟਾ ਸਫੈਦ ਪੋਚਾ ਫੇਰ ਕੇ ਅਜੋਕੀਆਂ ਸੰਗਮਰਮਰ ਵਾਲੀਆਂ ਕੋਠੀਆਂ ਤੋਂ ਵੀ ਜ਼ਿਆਦਾ ਸ਼ਿੰਗਾਰਿਆ ਜਾਂਦਾ ਰਿਹਾ ਹੈ। ਕੰਧੋਲੀ, ਚੁੱਲ੍ਹੇ ਚੌਂਕੇ ਦੀ ਹਾਰੇ ਹਾਰੀ ਦੀ ਤੋਈ ਬਣਾਉਣ ਦਾ ਕਾਰਜ ਵੀ ਵਿਰਲੀਆਂ ਬੀਬੀਆਂ ਭੈਣਾਂ ਕਰਿਆ ਕਰਦੀਆਂ ਸਨ। ਕਿਉਂਕਿ ਬਿਲਕੁਲ ਗੁਣੀਏਂ ਵਿੱਚ ਤੇ ਪੂਰੀ ਸੇਧ ਨਾਲ ਇਹ ਸੁਹੱਪਣ ਭਰਪੂਰ ਕੰਮ ਕਰਨਾ ਹਾਰੀ ਸਾਰੀ ਦਾ ਕਾਰਜ ਨਹੀਂ ਸੀ।

ਕੰਧੋਲੀਆਂ ਉੱਪਰ ਚਿੜੀਆਂ ਘੁੱਗੀਆਂ ਮੋਰ ਕਬੂਤਰ ਬਣਾ ਕੇ ਐਨਾ ਸੋਹਣਾ ਬਣਾ ਦੇਣਾ ਕਿ ਸਿਰਫ਼ ਬੋਲਣ ਦੀ ਹੀ ਕਸਰ ਹੋਇਆ ਕਰਦੀ ਸੀ, ਲੱਗਦੀਆਂ ਇਉਂ ਸਨ ਕਿ ਬੱਸ ਇਨ੍ਹਾਂ ਨੇ ਉਡਾਰੀ ਮਾਰੀ ਕਿ ਮਾਰੀ। ਇਉਂ ਜਾਪਦੀਆਂ ਸਨ ਕਿ ਬਿਲਕੁਲ ਹਕੀਕੀ ਜਾਨਵਰ ਹਨ। ਜੇਕਰ ਕਹਿ ਲਿਆ ਜਾਵੇ ਕਿ ਪੁਰਾਤਨ ਸਮਿਆਂ ਦੇ ਨਾਲ ਨਾਲ ਮੀਨਾਕਾਰੀ ਦਾ ਯੁੱਗ ਵੀ ਸਮਾਪਤ ਹੋ ਗਿਆ ਹੈ ਤਾਂ ਕੋਈ ਅਤਿਕਥਨੀ ਨਹੀਂ ਹੋਵੇਗੀ।

ਸਾਰੇ ਪਰਿਵਾਰ ਦੇ ਜੀਆਂ ਨੇ ਇਕੱਠਿਆਂ ਬੈਠ ਕੇ ਰੋਟੀ ਖਾਣੀ।ਰੋਟੀ ਤੋਂ ਬਾਅਦ ਹਿਸੇ ਆਉਂਦਾ ਦੁੱਧ ਕੱਚਾ ਜਾਂ ਫਿਰ ਪੱਕਾ ਹਰ ਇੱਕ ਨੂੰ ਮਿਲਣਾ।ਗੁੜ ਦੀ ਰੋੜੀ ਨਾਲ ਘੁੱਟੋ ਬਾਟੀ ਪੀਣਾ। ਸਾਰੇ ਪਰਿਵਾਰ ਨੇ ਇਕੱਠਿਆਂ ਮੰਜੇ ਡਾਹ ਕੇ ਛੋਟੇ ਜਵਾਕਾਂ ਨੂੰ ਵੱਡਿਆਂ ਨੇ ਛਾਤੀ ਨਾਲ ਲਾ ਕੇ ਬਾਤਾਂ ਸੁਣਾ ਸੁਣਾ ਕੇ ਸਵਾਉਣਾ।ਵੱਡੇ ਭਾਈ ਦੇ ਜਵਾਕਾਂ ਨੂੰ ਛੋਟੇ ਭਾਈ ਨੇ, ਤੇ ਛੋਟੇ ਭਾਈ ਦੇ ਜਵਾਕਾਂ ਨੂੰ ਵੱਡੇ ਭਾਈ ਨੇ ਜਾਂ ਫਿਰ ਦਰਾਣੀਆਂ ਜਠਾਣੀਆਂ ਨੇ ਇਉਂ ਸਵਾਉਣਾ ਕਿ ਸਾਡੇ ਆਪਣੇ ਹੀ ਨੇ।ਤੇ ਸੀ ਵੀ ਬਿਲਕੁਲ ਆਪਣੇ ਹੀ ਸਮਝਿਆ ਜਾਂਦਾ।ਇਹ ਗੱਲਾਂ ਲਿਖਦਿਆਂ ਦੋਸਤੋ ਮਨ ਭਰ ਆਇਆ ਹੈ ਕਿ ਕਾਸ਼ ਕਦੇ ਓਹ ਸਮੇਂ ਸਾਡੇ ਇਸ ਨਜ਼ਰਾਂ ਦੇ ਖਾਧੇ ਪੰਜਾਬ ਵਿੱਚ ਫਿਰ ਆ ਜਾਣ।ਪਰ ਇਹ ਸਿਰਫ਼ ਸੁਪਨਾ ਬਣ ਕੇ ਰਹਿ ਗਿਆ ਹੈ।ਪਤਾ ਨਹੀਂ ਪੰਜਾਬ ਨੂੰ ਕੀਹਦੀਆਂ ਨਜ਼ਰਾਂ ਨੇ ਖਾ ਲਿਆ ਹੈ।ਨਾ ਓਹ ਪਿਆਰ ਸਤਿਕਾਰ ਸੁਭਾਅ ਅਪਣੱਤ ਮੁਹੱਬਤ ਖੰਭ ਲਾ ਕੇ ਉੱਡ ਗਏ ਹਨ।

ਅਜੋਕੇ ਸਮਿਆਂ ਵਿੱਚ ਕੋਈ ਕਿਸੇ ਦਾ ਪੁੱਤ ਭਾਈ ਭੈਣ ਭਰਾ ਮਾਂ ਬਾਪ ਨਹੀਂ ਰਹਿ ਗਿਆ ਸਗੋਂ ਸੱਭ ਨੂੰ ਮਾਇਆ ਨੇ ਆਪਣੇ ਜਾਲ ਵਿੱਚ ਫਸਾ ਰੱਖਿਆ ਹੋਇਆ ਹੈ।ਹਰ ਇਨਸਾਨ ਇਨਸਾਨੀਅਤ ਨੂੰ ਛੱਡ ਕੇ ਪੈਸੇ ਦੀ ਦੌੜ ਵਿੱਚ ਇੱਕ ਦੂਸਰੇ ਨਾਲੋਂ ਅੱਗੇ ਨਿਕਲਣ ਦੀ ਕੋਸ਼ਿਸ਼ ਵਿੱਚ ਹੀ ਗ੍ਰਹਿਸਤ ਹੋਇਆ ਪਿਆ ਹੈ।

ਸੋ ਦੋਸਤੋ ਗੱਲ ਤਾਂ ਸਮੇਂ ਸਮੇਂ ਦੀ ਹੁੰਦੀ ਹੈ ਕਦੇ ਕਦੇ ਇਹੋ ਜਿਹੀਆਂ ਲਿਖਤਾਂ ਨਾਲ ਹਮ ਉਮਰ ਦੇ ਦੋਸਤਾਂ ਮਿੱਤਰਾਂ ਵੀਰਾਂ ਭੈਣਾਂ ਨੂੰ ਆਪਣੇ ਬਚਪਨ ਦੀ ਯਾਦ ਦਿਵਾਉਣ ਦਾ ਨਿਮਾਣਾ ਜਿਹਾ ਉਪਰਾਲਾ ਕਰਨ ਦਾ ਦਾਸ ਨੂੰ ਜਨੂੰਨ ਰਹਿੰਦਾ ਹੈ। ਜੇਕਰ ਹਮ ਉਮਰ ਦੋਸਤ ਪੜ੍ਹਦੇ ਹਨ ਤਾਂ ਫੋਨ ਵੀ ਜ਼ਰੂਰ ਕਰਦੇ ਹਨ ਤਾਂ ਚੰਗਾ ਲੱਗਦਾ ਹੈ ਅਤੇ ਓਹ ਕਹਿ ਵੀ ਦਿੰਦੇ ਨੇ ਕਿ ਵਾਕਿਆ ਹੀ ਓਹ ਸਮਾਂ ਯਾਦ ਆ ਗਿਆ ਹੈ।

ਜਸਵੀਰ ਸ਼ਰਮਾਂ ਦੱਦਾਹੂਰ (ਸ੍ਰੀ ਮੁਕਤਸਰ ਸਾਹਿਬ)

# ਰੁੱਸ ਕੇ ਨਾ ਬਹਿ ਜਾਵੀਂ ਵੀਰਨਾ

ਪੰਜਾਬੀ ਸੱਭਿਆਚਾਰ ਵਿਚ ਸਭ ਤੋਂ ਉੱਚਾ ਤੇ ਅਹਿਮ ਰਿਸ਼ਤਾ ਭੈਣ-ਭਰਾ ਦਾ ਰਿਸ਼ਤਾ ਹੀ ਮੰਨਿਆ ਜਾਂਦਾ ਹੈ। ਇਸੇ ਲਈ ਜਿਨੇ ਲੋਕ ਗੀਤ, ਲੋਕ ਟੱਪੇ ਭੈਣ ਭਰਾ ਦੇ ਪਿਆਰ, ਸਤਿਕਾਰ ਵਿਹਾਰ ਨਾਲ ਸੰਬੰਧਤ ਮਿਲਦੇ ਹਨ ਉਨੇ ਹੋਰ ਕਿਸੇ ਰਿਸ਼ਤੇ ਨਾਲ ਸਬੰਧਤ ਨਹੀਂ ਮਿਲਦੇ। ਬਚਪਨ ਤੋਂ ਹੀ ਇਸ ਨਿੱਘੇ ਰਿਸ਼ਤੇ ਦੀ ਖਿੱਚ ਅੰਦਰ ਭੈਣ ਰੱਬ ਅੱਗੇ ਵੀਰ ਦੀ ਲੰਮੀ ਉਮਰ ਦੀਆਂ ਦੁਆਵਾ ਕਰਨ ਲੱਗ ਪੈਂਦੀ ਹੈ ਨਿੱਕੇ ਵੀਰ ਨੂੰ ਲੋਰੀਆਂ ਦੇ ਕੇ ਖਡਾਉਣੀ ਹੈ ਸਹਿਜ ਸੁਭਾਅ ਹੀ ਇਹ ਤੋਤਲੀ ਅਵਾਜ਼ ਵਿਚ ਗੁਣ-ਗੁਣਾਉਂਦੀ ਹੈ।

ਨੀ ਮੇਰਾ ਵੀਰ ਕਿਉ ਰੋਵੇ, ਸੋਨੇ ਦੀ ਕਟੋਰੀ ਮੂੰਹ ਧੋਵੇ
ਜੀਹਦੇ ਕੋਲ ਮੇਰੇ ਰਾਜੇ ਵੀਰ ਦੀ ਭੈਣ ਹੋਵੇ, ਨੀ ਮੇਰਾ ਵੀਰ ਕਿਉ ਰੋਵੇ।

ਸਮੇਂ ਦੀ ਚਾਲ ਨਾਲ ਵੀਰ ਥੋੜਾ ਵੱਡਾ ਹੁੰਦਾ ਹੈ ਭੈਣ, ਵੀਰ ਨੂੰ ਪਾਣੀ ਮੰਗਿਆ ਦੁੱਧ ਦਿੰਦੀ ਹੈ ਉਹ ਆਪਣੇ ਵੀਰ ਦੀਆਂ ਸਿਫਤਾ ਕਰਦੀ ਨਹੀਂ ਥੱਕਦੀ। ਦਿਲਾਂ ਨੂੰ ਦਿਲਾਂ ਦੇ ਰਾਹ ਹੁੰਦੇ ਹਨ ਉਹ ਆਪਣੇ ਵੀਰ ਨੂੰ ਦੂਰੋਂ ਹੀ ਪਛਾਣ ਲੈਂਦੀ ਹੈ। ਚਾਹੇ ਪਛਾਣ ਦਾ ਕਾਰਨ ਕੋਈ ਹੋਰ ਹੀ ਦੱਸ ਦੇਵੇ।

ਇਕ ਵੀਰ ਬੋਲ ਦਾ ਲੰਮਾ, ਦੂਜੀ ਪੱਗ ਛੱਤਣਾ ਨੂੰ ਜਾਵੇ
ਪੱਗਾ ਖੱਟੀਆ ਤੇ ਵੇਖਣ ਜੱਟੀਆ , ਵੀਰ ਜਦੋਂ ਬੋਤੇ ਤੇ ਆਵੇ

ਮਾਂ-ਬਾਪ ਤੋਂ ਵੀ ਜ਼ਿਆਦਾ ਜ਼ੋਰ ਭੈਣਾ ਨੂੰ ਵੀਰਾ ਤੇ ਹੀ ਹੁੰਦਾ ਹੈ ਕਿਉਂ ਜੋ ਮਾਂ-ਬਾਪ ਤਾਂ ਆਪਣੀ ਉਮਰ ਭੋਗ ਕੇ ਤੁਰ ਜਾਂਦੇ ਹਨ ਫਿਰ ਭੈਣਾਂ ਭਰਾਵਾਂ ਨੇ ਦੱਖ-ਸੁੱਖ ਹਾਨੀ ਆਪਸ ਵਿਚ ਹੀ ਹੋਣਾ ਹੁੰਦਾ ਹੈ। ਭੈਣ ਦਾ ਹਰ ਦੁਖ ਵੀਰ ਨੇ ਹੀ ਵਡਾਉਣਾ ਹੁੰਦਾ ਹੈ।

ਭੈਣ ਨੇ ਦੁਖ ਫੋਲਿਆ, ਵੀਰੇ ਦਾ ਕਾਲਜਾ ਡੋਲਿਆ।
ਭੈਣਾ ਰੋਦੀਆ ਨੂੰ ਵੀਰ ਵਰਾਉਂਦੇ, ਸਿਰ ਉੱਤੇ ਹੱਥ ਰੱਖ ਕੇ

ਵੀਰ ਜਵਾਨ ਹੋ ਜਾਵੇ ਤਾਂ ਭੈਣ ਦੇ ਮਨ ਵਿਚ ਚਾਅ ਹੁੰਦਾ ਹੈ ਕਿ ਉਹ ਆਪਣੇ ਹੱਥੀ ਵੀਰ ਦਾ ਵਿਆਹ ਕਰੇ। ਉਹ ਵੀਰ ਨੂੰ ਵਿਆਹ ਕਰਵਾਉਣ ਲਈ ਕਿੰਹਦੀ ਹੈ ਕਿ ਉਹ ਉਸਦੀ ਇੱਛਾ ਪੂਰੀ ਕਰੇ।

ਤੈਨੂੰ ਨੱਤੀਆ, ਭਾਬੋ ਨੂੰ ਪਿੱਪਲ ਪੱਤੀਆ, ਵਿਆਹ ਕਰਵਾ ਲੈ ਵੀਰਨਾ।

ਵੀਰ ਦਾ ਵਿਆਹ ਹੋ ਜਾਣ ਤੋਂ ਬਾਅਦ ਜੇਕਰ ਭਾਬੀ ਪਸੰਦ ਦੀ ਆ ਜਾਵੇ ਤਾਂ ਭੈਣ ਖੁਸ਼ੀ ਵਿਚ ਝੂਮਦੀ ਫਿਰਦੀ ਹੈ ਜੇਕਰ ਭਾਬੀ ਪਸੰਦ ਨਾ ਆਵੇ ਤਾਂ ਆਪਣੇ ਵੀਰ ਕੋਲ ਗਿਲਾ ਕਰਦੀ ਹੈ ਤੇ ਵੀਰ ਨੂੰ ਵਾਸਤਾ ਪਾਉਂਦੀ ਹੈ ਕਿ ਉਹ ਨਾ ਬਦਲ ਜਾਵੇ।

ਵੀਰ ਮੇਰਾ ਸਤਯੁਗ ਦਾ, ਕਲਯੁਗ ਦੀ ਜੰਮੀ ਭਰਜਾਈ।
ਭਾਬੋ ਦੀ ਮੈਂ ਕੁਝ ਨਾ ਲੱਗਾ, ਵੀਰਾ ਤੇਰੀ ਵੇ ਅੰਮਾ ਵੀ ਜਾਈ।

ਜੇਕਰ ਵੱਡੀ ਭਾਬੀ ਗਾਲਾ ਦਿੰਦੀ ਹੈ ਤਾਂ ਵੀ ਭੈਣ ਵੀਰ ਦੇ ਗੱਲ ਲੱਗ ਰੋਦੀ ਹੈ।

ਭਾਵੋ ਨੇ ਝਿੜਕ ਦਿੱਤੀ, ਗਲ ਲੱਗ ਕੇ ਵੀਰ ਦੇ ਰੋਈ

ਭੈਣ ਦੇ ਵੱਡੀ ਹੋਣ ਤੇ ਉਹ ਦਿਨ ਵੀ ਆ ਜਾਂਦਾ ਹੈ ਜਦੋਂ ਵੀਰ ਨੂੰ ਆਪਣੇ ਕਲੇਜੇ ਦਾ ਟੁਕੜਾ ਬੇਗਾਨੇ ਘਰ ਭੇਜਣਾ ਪੈਂਦਾ ਹੈ, ਆਪਣਾ ਪੇਕਾ ਘਰ ਛੱਡਣ ਦਾ ਤੇ ਆਪਣੇ ਵੀਰ ਤੋਂ ਦੂਰ ਜਾਣ ਦਾ ਦਰਦ ਭੈਣ ਹੀ ਮਹਿਸੂਸ ਕਰ ਸਕਦੀ ਹੈ।

ਵੀਰ ਮੇਰੇ ਨੇ ਬਾਗ ਲਵਾਇਆ, ਬਾਗ 'ਚੋਂ ਸਭ ਨੂੰ ਢੋਈ
ਵਸੈ ਰਸੇ ਵੀਰਨਾ ਵੇ, ਮੈਂ ਪ੍ਰਦੇਸਨ ਹੋਈ।

ਭੈਣ ਸਹੁਰੇ ਘਰ ਪਹੁੰਚ ਕੇ ਵੀ ਆਪਣੇ ਵੀਰ ਨੂੰ ਮੁੜ-ਮੁੜ ਯਾਦ ਕਰਦੀ ਹੈ।

ਕੋਠੇ ਉੱਪਰ ਕੋਠੜਾ ਧੁਰ ਕੋਠੇ ਤੰਦੂਰ, ਗਿਣ-ਗਿਣ ਲਾਵਾ ਰੋਟੀਆ
ਮੈਂ ਭਰ-ਭਰ ਲਾਵਾ ਪੂਰ, ਸੱਸੂ ਜਾਏ ਖਾ ਗਏ ਮੇਰੀ ਅੰਮੀ ਜਾਏ ਦੂਰ

ਭੈਣ-ਭਰਾ ਆਪਣੇ ਸਾਰੇ ਕਾਰ-ਵਿਹਾਰ ਚਾਵਾ ਨਾਲ ਇਕੱਠੇ ਮਿਲ ਕੇ ਕਰਦੇ ਹਨ ਪਰ ਸਮੇਂ ਦੀ ਚਾਲ ਨਾਲ ਭੈਣ-ਭਰਾ ਦੇ ਰਿਸ਼ਤੇ ਵਿਚ ਜੇਕਰ ਕੋਈ ਕੁੜੱਅਤਨ ਭਰ ਜਾਵੇ ਤਾਂ ਇਹ ਦਰਜ ਅਕਿਹ ਤੇ ਅਸਿਹ ਬਣ ਜਾਂਦਾ ਹੈ। ਤਾਂ ਹੀ ਇਹ ਲੋਕ ਟੱਪਾ ਭੈਣ-ਭਰਾ ਨੂੰ ਟੁੱਟ ਕੇ ਨਾ ਬਹਿ ਜਾਣ ਦੀ ਤਕਰੀਰ ਕਰਦਾ ਹੈ

ਭੈਣਾ ਵਰਗਾ ਸਾਕ ਨਾ ਕੋਈ, ਰੁੱਸ ਕੇ ਨਾ ਬਹਿ ਜੀ ਵੀਰਨਾ

-ਭਵਨਦੀਪ ਸਿੰਘ ਪੁਰਬਾ

# ਦੇਸੀ ਮੰਜਿਆਂ ਨੂੰ ਮੀਂਹ ਵਿੱਚ ਪੈ ਜਾਂਦੀ ਸੀ ਕਾਣ

ਪੰਜਾਬ ਦੇ ਪੁਰਾਤਨ ਸਮਿਆਂ ਵਿੱਚ ਜਦੋਂ ਘਰਾਂ ਦੇ ਵਿੱਚ ਦੇਸੀ ਵਾਣ ਦੇ ਜਾਂ ਸੂਤ ਦੇ ਮੰਜੇ ਬੁਣੇ ਜਾਂਦੇ ਸਨ, ਓਨਾਂ ਨੂੰ ਬਣਵਾਉਣ ਦਾ ਕੰਮ ਵੀ ਪਿੰਡ ਦੇ ਤਰਖਾਣ ਤੋਂ ਹੀ ਕਰਵਾਇਆ ਜਾਂਦਾ ਸੀ।ਸੇਰੂ ਬਾਹੀਆਂ ਵਾਣ ਜਾਂ ਸੂਤ ਸ਼ਹਿਰੋਂ ਲਿਆਉਣਾ ਤੇ ਉਸ ਨੂੰ ਪਿੰਡ ਦੇ ਸੇਪੀ ਵਾਲੇ ਤਰਖਾਣ ਤੋਂ ਠੁਕਵਾ ਲੈਣਾ ਭਾਵ ਬਣਾ ਲੈਣਾ।ਉਸ ਤੋਂ ਬਾਅਦ ਮੰਜੇ ਦੇ ਇੱਕ ਸਾਈਡ ਭਾਵ ਦੌਣ ਵਾਲੇ ਪਾਸੇ ਮੱਲ ਪਾ ਕੇ ਵੱਟ ਚਾੜ੍ਹ ਕੇ ਉੱਤੇ ਕੱਪੜਾ ਲਪੇਟ ਕੇ ਸੇਰੂ ਦੇ ਵਿੱਚ ਅੜਾ ਦੇਣਾ ਤੇ ਬਾਹਰ ਦੁਪਹਿਰਾਂ ਵੇਲੇ ਨਿੰਮਾਂ ਜਾਂ ਕਿਕਰਾਂ ਦੀ ਛਾਂ ਹੇਠ ਬੁਨਣਾ ਜੋ ਓਨਾਂ ਸਮਿਆਂ ਦਾ ਰਿਵਾਜ ਸੀ। ਦੁਪਹਿਰ ਵੇਲੇ ਸਾਰੇ ਹੀ ਆਂਢ ਗੁਆਂਢ ਨੇ ਖੁਲੀ ਹਵਾ ਵਿੱਚ ਨਿੰਮਾਂ ਕਿਕਰਾਂ ਥੱਲੇ ਆਪੋ ਆਪਣੇ ਘਰਾਂ ਚੋਂ ਮੰਜੇ ਲਿਆ ਕੇ ਡਾਹ ਕੇ ਆਰਾਮ ਕਰਨਾ ਤੇ ਓਥੇ ਹੀ ਜਿਸ ਘਰ ਨੇ ਮੰਜਾ ਬੁਨਣਾ ਹੁੰਦਾ ਸੀ ਚੱਕ ਲਿਆਉਣਾ ਤੇ ਬੁਣ ਲੈਂਦੇ। ਕਈ ਵਾਰ ਤਾਂ ਪੂਰਾ ਮੰਜਾ ਬੁਣ ਲੈਂਦੇ ਜੇਕਰ ਥੋੜਾ ਬਹੁਤਾ ਰਹਿ ਜਾਂਦਾ ਤਾਂ ਅਗਲੇ ਦਿਨ ਵੀ ਬੁਣ ਲੈਂਦੇ।

ਰੰਗਦਾਰ ਸੂਤ ਦੇ ਮੰਜੇ ਵੀ ਬੜੇ ਸ਼ੌਕ ਨਾਲ ਬੁਣੇ ਜਾਂਦੇ ਰਹੇ ਹਨ। ਓਨਾਂ ਨੂੰ ਬੁਣ ਕੇ ਉੱਪਰ ਸੂਈ ਜਾਂ ਘੰਦੂਈ ਨਾਲ ਚਾਦਰ ਸਿਉਂ ਦੇਣੀ ਤਾਂ ਕਿ ਸੂਤ ਜਲਦੀ ਖਰਾਬ ਜਾਂ ਗੰਦਾ ਨਾ ਹੋਵੇ। ਇੱਕ ਘਰ ਵਿੱਚ ਦਸ ਦਸ ਮੰਜੇ ਹੋਇਆ ਕਰਦੇ ਸਨ। ਵਿਆਹ ਸ਼ਾਦੀਆਂ ਵਿੱਚ ਵੀ ਇਹੀ ਮੰਜੇ ਤੇ ਬਿਸਤਰੇ ਨੰਬਰ ਲਾ ਕੇ ਇਕੱਠੇ ਕਰਨੇ ਤੇ ਪਿੰਡੋਂ ਬਾਹਰ ਬਣੀਆਂ ਢਾਣੀਆਂ ਵਿੱਚ ਵੀ ਵਿਆਹ ਸ਼ਾਦੀਆਂ ਵਾਲੇ ਘਰਾਂ ਨੇ ਪਿੰਡ ਵਿਚੋਂ ਹੀ ਮੰਜੇ ਬਿਸਤਰੇ ਇਕੱਠੇ ਕਰਕੇ ਲੈ ਕੇ ਜਾਣੇ।

ਪਰ ਕਦੇ ਕਦਾਈਂ ਭੁੱਲ ਭੁਲੇਖੇ ਨਾਲ ਜੇਕਰ ਵਾਣ ਵਾਲਾ ਮੰਜਾ ਬਾਹਰ ਮੀਂਹ ਵਿੱਚ ਭਿੱਜ ਜਾਂਦਾ ਤਾਂ ਉਸ ਵਿੱਚ ਕਾਣ ਪੈ ਜਾਂਦੀ ਸੀ (ਫੋਟੋ ਦੀ ਤਰ੍ਹਾਂ) ਫਿਰ ਇਹ ਥੋੜੀ ਔਖਿਆਈ ਦੇ ਨਾਲ ਹੀ ਠੀਕ ਹੁੰਦਾ ਸੀ, ਇੱਕ ਪਾਸੇ ਕਿਸੇ ਜ਼ਿਆਦਾ ਭਾਰੇ ਘਰ ਦੇ ਮੈਂਬਰ ਨੂੰ ਬਿਠਾਉਣਾ ਤੇ ਦੂਜੇ ਪਾਸਿਓਂ ਮੰਜਾ ਥੱਲੇ ਨੂੰ ਨੱਪਣਾ ਕਾਫੀ ਦੇਰ ਇਉਂ ਬੈਠੇ ਰਹਿਣ ਨਾਲ ਵੀ ਜਦੋਂ ਉਠਣਾ ਓਵੇਂ ਹੀ ਫਿਰ ਹੋ ਜਾਂਦਾ ਸੀ।ਦੋ ਚਾਰ ਵਾਰ ਇਉਂ ਕਰਨ ਨਾਲ ਜਾਂ ਫਿਰ ਕਿਸੇ ਜਿਆਦਾ ਭਾਰ ਵਾਲੇ ਮੈਬਰ ਨੇ ਰਾਤ ਨੂੰ ਓਸੇ ਮੰਜੇ ਤੇ ਲੇਟਣਾ ਤਾਂ ਜਾ ਕੇ ਕਿਤੇ ਇਹ ਸਹੀ ਹੁੰਦਾ ਸੀ।ਪਰ ਸੂਤ ਦੇ ਮੰਜਿਆਂ ਦਾ ਖਾਸ ਧਿਆਨ ਰੱਖਿਆ ਜਾਂਦਾ ਸੀ ਕਿਉਂਕਿ ਇੱਕ ਤਾਂ ਓਹ ਵੇਖਣ ਦੇ ਵਿੱਚ ਵੀ ਬੜੇ ਸੋਹਣੇ ਲੱਗਦੇ ਸਨ ਤੇ ਉਪਰੋਂ ਚਾਦਰ ਵੀ ਉੱਤੇ ਸਿਉਂਤੀ ਹੁੰਦੀ ਸੀ ਇਸ ਕਰਕੇ ਓਹਨੂੰ ਸਾਰੇ ਪਰਿਵਾਰ ਹੀ ਜਾਣ ਤੋਂ ਪਿਆਰੇ ਰੱਖਦੇ ਸਨ।ਪਰ ਵਾਣ ਦੇ ਮੰਜਿਆਂ ਦੀ ਜ਼ਿਆਦਾ ਦੇਖ ਭਾਲ ਨਾ ਹੁੰਦੀ ਕਰਕੇ ਕਹਿ ਲਓ ਜਾਂ ਫਿਰ ਬਾਪੂ ਦਾ ਬਾਹਰਲੇ ਘਰੇ ਪਿਆ ਵਾਣ ਦਾ ਮੰਜਾ ਅਕਸਰ ਹੀ ਮੀਂਹ ਦੀ ਭੇਂਟ ਚੜ੍ਹ ਕੇ ਕਾਣਿਆਂ ਜਾਂਦਾ ਸੀ ਤੇ ਉਸ ਨੂੰ ਠੀਕ ਕਰਨ ਲਈ ਵੀ ਕਾਫ਼ੀ ਮਿਹਨਤ ਕਰਨੀ ਪੈਂਦੀ ਸੀ।



ਇਹ ਪੁਰਾਤਨ ਪੰਜਾਬ ਦੀਆਂ ਗੱਲਾਂ ਨੇ ਦੋਸਤੋ ਜਿਉਂ ਜਿਉਂ ਅਸੀਂ ਤਰੱਕੀ ਦੀਆਂ ਬੁਲੰਦੀਆਂ ਨੂੰ ਛੋਹਿਆ ਹੈ ਉਸ ਤੋਂ ਬਾਅਦ ਤਾਂ ਫਿਰ ਹੋਰ ਹੀ ਗੁੱਡੀਆਂ ਤੇ ਹੋਰ ਹੀ ਪਟੋਲੇ ਹੋ ਗਏ ਹਨ। ਡਬਲਬੈਡ ਲੋਹੇ ਦੇ ਬਣੇ ਹੋਏ ਮੰਜੇ ਲੋਹੇ ਦੇ ਬਣੇ ਇਕੱਠੇ ਹੋਣ ਵਾਲੇ ਮੰਜੇ ਤੇ ਹੋਰ ਪਤਾ ਨਹੀਂ ਕੀ ਕੁੱਝ ਬਣ ਗਿਆ ਹੈ। ਹੁਣ ਵਾਣ ਵਾਲੇ ਜਾਂ ਨਵਾਰੀ ਪਲੰਘ ਭਾਵ ਸੂਤ ਦੇ ਬਣੇ ਹੋਏ ਮੰਜੇ ਕਿਸੇ ਟਾਂਵੇ ਟਾਂਵੇ ਘਰਾਂ ਵਿੱਚ ਹੀ ਦਿਸਦੇ ਹਨ। ਕਿਉਂਕਿ ਨਵੀਂ ਪੀੜ੍ਹੀ ਇਨ੍ਹਾਂ ਨੂੰ ਪਸੰਦ ਨਹੀਂ ਕਰਦੀ ਪਰ ਪੁਰਾਤਨ ਪੰਜਾਬ ਵਿੱਚ ਇਹ ਧੀਆਂ ਭੈਣਾਂ ਦੇ ਦਾਜ ਵਿੱਚ ਵੀ ਦਿੱਤੇ ਜਾਂਦੇ ਰਹੇ ਹਨ।ਚੌਖੜੇ ਜਾ ਨੌਂ ਰੱਸੀਆਂ ਲੰਘਾ ਕੇ ਕੋਈ ਵਿਰਲੀ ਹੀ ਸਵਾਣੀ ਤੇ ਜਾਂ ਫਿਰ ਬਾਈ ਕੋਲ ਇਨ੍ਹਾਂ ਨੂੰ ਬੁਨਣ ਦੀ ਕਲਾ ਹੋਇਆ ਕਰਦੀ ਸੀ ਤੇ ਸਾਰਾ ਪਿੰਡ ਹੀ ਵਾਰੀ ਵਾਰੀ ਨਾਲ ਓਨਾਂ ਤੋਂ ਮੰਜੇ ਬਣਵਾਇਆ ਕਰਦੇ ਸਨ।

ਹੁਣ ਬਦਲੇ ਹਾਲਾਤਾਂ ਵਿੱਚ ਜੇਕਰ ਕਿਸੇ ਪੁਰਾਣੀ ਉਮਰ ਵਾਲੇ ਬਜ਼ੁਰਗ ਜਾਂ ਮਾਤਾ ਨੇ ਇਹ ਰੱਖੇ ਹੋਏ ਹਨ ਤਾਂ ਜਾਨ ਤੋਂ ਵੀ ਵਧ ਕੇ ਪਿਆਰ ਨਾਲ ਰੱਖੇ ਹੋਏ ਹਨ ਤੇ ਜਾਂ ਫਿਰ ਆਮ ਢਾਬਿਆਂ ਜਾਂ ਫਿਰ ਹਵੇਲੀ ਵਰਗੇ ਰੈਸਟੋਰੈਂਟਾਂ ਦੀ ਸ਼ਾਨ ਬਣਕੇ ਰਹਿ ਗਏ ਹਨ ਇਹੋ ਜਿਹੇ ਵਾਣ ਜਾਂ ਸੂਤ ਵਾਲੇ ਮੰਜੇ। ਓਨਾਂ ਨੇ ਆਪਣੀ ਗਾਹਕੀ ਨੂੰ ਲੁਭਾਉਣ ਤੇ ਆਪਣੇ ਵਿਰਸੇ ਦਾ ਅਨਿੱਖੜਵਾਂ ਅੰਗ ਕਰਕੇ ਇਨ੍ਹਾਂ ਦੇ ਪਾਵਿਆਂ ਨੂੰ ਮਨਭਾਉਂਦਾ ਰੰਗ ਵੀ ਕਰਵਾਇਆ ਹੁੰਦਾ ਹੈ ਤਾਂ ਕਿ ਆਉਣ ਵਾਲੇ ਗਾਹਕ ਉਸ ਨੂੰ ਵਿਰਸੇ ਦੇ ਪ੍ਰੇਮੀ ਵਜੋਂ ਜਾਨਣ। ਬਹੁਤ ਚੰਗੀ ਗੱਲ ਹੈ ਚਲੋ ਇਸੇ ਤਰ੍ਹਾਂ ਹੀ ਸਹੀ ਓਨਾਂ ਨੂੰ ਵੇਖ ਕੇ ਘੱਟੋ-ਘੱਟ ਪੁਰਾਤਨ ਬਜ਼ੁਰਗਾਂ ਨੂੰ ਆਪਣਾ ਅਤੀਤ ਚੇਤੇ ਆ ਜਾਂਦਾ ਹੈ ਤੇ ਨਾਲ ਗਏ ਪੋਤਰੇ ਪੋਤਰੀ ਜਾਂ ਦੋਹਤਿਆਂ ਨੂੰ ਓਹ ਮਾਣ ਨਾਲ ਇਹ ਵੀ ਜਰੂਰ ਦੱਸਦੇ ਨੇ ਕਿ ਆਹ ਸਾਡੇ ਸਮਿਆਂ ਦੇ ਮੰਜੇ ਤੇ ਪਲੰਘ ਹਨ।

ਸੋ ਦੋਸਤੋ ਸਮਾਂ ਬੜੀ ਤੇਜ਼ੀ ਨਾਲ ਬਦਲ ਰਿਹਾ ਹੈ ਜੋ ਪਹਿਲਾਂ ਸੀ ਓਹ ਅੱਜ ਕਿਧਰੇ ਨਜਰ ਨਹੀਂ ਆਉਂਦਾ ਤੇ ਜੋ ਅੱਜ ਆਪਾਂ ਵੇਖ ਰਹੇ ਹਾਂ ਕੱਲ੍ਹ ਇਹ ਵੀ ਕਿਧਰੇ ਨਹੀਂ ਦਿਸਣਾ ਇਹ ਕੁਦਰਤੀ ਨੇਮ ਹੈ ਇਸ ਨੂੰ ਆਪਾਂ ਸਾਰਿਆਂ ਨੂੰ ਮੰਨਣਾ ਹੀ ਪੈਣਾ ਹੈ। ਹਾਂ ਕਦੇ ਕਦੇ ਓਹ ਪੁਰਾਤਨ ਸਮੇਂ ਯਾਦ ਜ਼ਰੂਰ ਆ ਜਾਂਦੇ ਨੇ ਜੋ ਤੁਹਾਡੇ ਸਾਰੇ ਦੋਸਤਾਂ ਮਿੱਤਰਾਂ ਨਾਲ ਸਾਂਝੇ ਕਰ ਲਈਦੇ ਨੇ।

- ਜਸਵੀਰ ਸ਼ਰਮਾਂ ਦੱਦਾਹੂਰ
(ਸ੍ਰੀ ਮੁਕਤਸਰ ਸਾਹਿਬ)
95691-49556

## ਪੰਜਾਬੀ ਵਿਰਾਸਤ, ਪੰਜਾਬੀ ਸੱਭਿਆਚਾਰ ਅਤੇ ਪੰਜਾਬੀ ਭਾਸ਼ਾ



## ਕੀ ਤੁਹਾਨੂੰ ਪਤਾ ਹੈ ਸਾਡਾ ਪੰਜਾਬੀ ਵਿਰਸਾ

001



ਪੇਸ਼ਕਸ਼: ਭਵਨਦੀਪ ਸਿੰਘ ਪੁਰਬਾ
(ਮੁੱਖ ਸੰਪਾਦਕ: 'ਮਹਿਕ ਵਤਨ ਦੀ ਲਾਈਵ' ਬਿਓਰੋ)

01. ਦੁੱਧ ਰਿੜਕਣ ਵਾਲੀ ਮਧਾਣੀ ਦੁਆਲੇ ਲਮੇਟੀ ਰੱਸੀ ਜਿਸ ਨੂੰ ਫੜਕੇ ਮਧਾਣੀ ਘੁਮਾਈ ਜਾਂਦੀ ਹੈ ਉਸ ਨੂੰ 'ਨੇਤਰਾ' ਕਹਿੰਦੇ ਹਨ।
02. ਬੱਕਲੀਆਂ ਜਾਂ ਛੋਲੇ 'ਉਖਲੀ' ਵਿੱਚ ਕੁੱਟੇ ਜਾਂਦੇ ਹਨ।
03. 'ਘਰਾਟ' ਉਸ ਆਟਾ ਚੱਕੀ ਨੂੰ ਕਿਹਾ ਜਾਂਦਾ ਹੈ ਜੋ ਨਹਿਰ ਦੇ ਪਾਣੀ ਨਾਲ ਚੱਲਦੀ ਹੈ।
04. 'ਘੜੋਲੀ' ਉਸ ਭਾਡੇ ਨੂੰ ਕਹਿੰਦੇ ਸਨ ਜਿਸ ਵਿੱਚ ਘਰ ਵਰਤਨ ਵਾਲਾ ਪਾਣੀ ਇਕੱਠਾ ਕਰਕੇ ਰੱਖਿਆ ਜਾਦਾ ਸੀ।



05. ਲੱਸੀ ਰਿੜਕਣ ਵਾਲੇ ਬਰਤਨ ਨੂੰ 'ਚਟੂਰਾ' ਕਹਿੰਦੇ ਹਨ।
06. ਦੁੱਧ ਰਿੜਕਣ ਵਾਲੇ ਰੱਸੇ ਨੂੰ 'ਨੇਤਰਾ' ਕਹਿੰਦੇ ਹਨ।
07. ਚੂਪੇ ਹੋਏ ਗੰਨੇ ਦੇ ਛਿੱਲੜਾਂ ਦਾ ਨਾਮ 'ਚੁਪਾਕ' ਹੈ।
08. ਜਿਸ ਉੱਪਰ ਚਾਟੀ ਰੱਖ ਕੇ ਲੱਸੀ ਰਿੜਕੀ ਜਾਂਦੀ ਹੈ ਉਸ ਚੀਜ਼ ਨੂੰ 'ਨੇਹੀ' ਕਹਿੰਦੇ ਹਨ ।
09. ਪੁਰਾਤਣ ਸਮੇਂ ਵਿਚ ਖੂਹ ਚਲਦੇ ਸਮੇਂ ਟਿਕ-ਟਿਕ ਕਰਨ ਵਾਲੀ ਚੀਜ਼ ਨੂੰ 'ਕੁੱਤਾ' ਕਹਿੰਦੇ ਸਨ।
10. ਪੌਦਿਆਂ ਵਿੱਚ ਬੂਟੇ ਨੂੰ ਦੂਜੀ ਥਾਂ ਤੇ ਲਾਉਣ ਲਈ ਜੜਾ ਸਮੇਤ ਪੁੱਟੀ ਗਈ ਮਿੱਟੀ ਨੂੰ 'ਚਮਕਾ' ਕਿਹਾ ਜਾਦਾ ਹੈ।

ਸਾਡੇ ਇਸ ਕਾਲਮ ਪ੍ਰਤੀ ਰਾਇ/ ਸਲਾਹ ਜਾਂ ਕੋਈ ਵਿਚਾਰ ਭੇਜਣ ਲਈ ਈ-ਮੇਲ ਅਤੇ ਵਟਸਐਪ ਨੰਬਰ
E-mail: mehakwattandi@rediffmail.com, Help Line: (+91)-9988-92-9988

Scanned with CamScanner




# ਦੇਸੀ ਘਿਓ ਤੋਂ ਪਰਹੇਜ਼ ਕਿਉਂ?



ਦੁਨੀਆ ਦੇ ਚੋਟੀ ਦੇ ਮੈਡੀਕਲ ਜਰਨਲ ਲੈਨਸਟ ਵਿੱਚ ਛਪੀ ਖੋਜ ਵਿੱਚੋਂ ਸਪਸ਼ਟ ਹੁੰਦਾ ਹੈ ਕਿ ਭਾਰਤ 'ਚੋਂ ਉਤਪੰਨ ਹੋਇਆ ਡਾਕਟਰੀ ਵਿਗਿਆਨ ਹੀ ਅਸਲ ਧੁਰਾ ਹੈ ਜਿੱਥੋਂ ਅਰਬ ਹਮਲਾਵਰਾਂ ਨੇ ਤਰਜਮਾ ਕਰ ਕੇ ਪੂਰੀ ਦੁਨੀਆ ਵਿੱਚ ਪਹੁੰਚਾਇਆ। ਹੁਣ ਉਸੇ ਵਿਗਿਆਨ ਨੂੰ ਅਸੀਂ ਅੰਗਰੇਜ਼ਾਂ ਦੀ ਉਪਜ ਮੰਨਦਿਆਂ ਆਪਣੇ ਨੁਸਖਿਆਂ ਨੂੰ ਖੁੱਡੇ ਲਾ ਕੇ, ਕੰਪਨੀਆਂ ਦੀਆਂ ਮਸ਼ਹੂਰੀਆਂ 'ਤੇ ਨਿਰਭਰ ਹੋ ਕੇ ਅਤੇ ਆਪਣਾ ਵਧੀਆ ਖਾਣ ਪੀਣ ਤਬਦੀਲ ਕਰ ਕੇ ਪੱਛਮੀ ਸੱਭਿਅਤਾ ਦੀ ਰੰਗਤ ਦੇਣ ਲੱਗ ਪਏ ਹਾਂ। ਪੱਛਮੀ ਲੋਕ ਸਾਡੇ ਹੀ ਸੱਤੂਆਂ ਨੂੰ 'ਓਟਮੀਲ' ਦਾ ਨਾਂ ਦੇ ਕੇ ਸਾਨੂੰ 10 ਗੁਣਾਂ ਕੀਮਤ ਉੱਤੇ ਖਰੀਦਣ ਉੱਤੇ ਮਜਬੂਰ ਕਰ ਰਹੇ ਹਨ। ਉਸ ਦੇ ਲੁਭਾਵਣੇ ਨਾਂ ਰੱਖ ਕੇ, ਖੋਜਾਂ ਰਾਹੀਂ ਇਸ ਨੂੰ ਉੱਤਮ ਸਾਬਤ ਕਰ ਕੇ ਸਾਨੂੰ ਹੀ ਖੁਆਉਣ ਲੱਗ ਪਏ ਹਨ। ਅਸੀਂ ਨਾਨੀ-ਦਾਦੀ ਵੱਲੋਂ ਬਣਾਈ ਮੱਕੀ ਦੀ ਰੋਟੀ, ਬਾਜਰੇ ਦੀ ਖੀਰ ਜਾਂ ਰਾਗੀ ਦੀ ਇਡਲੀ ਨੂੰ ਪਿਛਾਂਹ ਖਿੱਚੂ-ਖਾਣਾ ਸਾਬਤ ਕਰ ਕੇ ਤਿਆਗ ਚੁੱਕੇ ਹਾਂ ਤੇ ਬੱਚਿਆਂ ਨੂੰ ਬਰਗਰ, ਨੂਡਲਜ਼ ਤੇ ਪੀਜ਼ੇ ਖੁਆ ਕੇ ਉਨ੍ਹਾਂ ਦੇ ਸਰੀਰਾਂ ਨੂੰ ਰੋਗਾਂ ਦਾ ਪੰਡਾਰ ਬਣਾ ਛੱਡਿਆ ਹੈ। ਇੱਥੋਂ ਤਕ ਕਿ ਸਵੀਡਨ ਵਿੱਚ ਦਹੀਂ ਤੇ ਸ਼ਹਿਦ ਨਾਲ ਬੱਚੇ ਨੂੰ ਨੁਹਾਉਣ ਵਾਸਤੇ ਹਜ਼ਾਰ ਰੁਪਏ ਦੀ ਸ਼ੀਸ਼ੀ ਵੀ ਬਜ਼ਾਰ ਵਿੱਚ ਵਿਕਣ ਲਈ ਤਿਆਰ ਹੋਈ ਪਈ ਹੈ। ਅਸੀਂ ਆਪਣੇ ਬੱਚਿਆਂ ਨੂੰ ਘਰ ਦਾ ਦਹੀਂ ਛੱਡ ਕੇ ਸਵੀਡਨ ਦੇ ਬਣੇ ਸਾਬਣ ਨਾਲ ਨੁਹਾਉਣ ਨੂੰ ਕਾਹਲੇ ਹਾਂ।

ਪੱਛਮੀ ਲੋਕਾਂ ਵਿੱਚ ਵਧ ਰਹੇ ਦਿਲ ਦੇ ਰੋਗ, ਸ਼ੱਕਰ ਰੋਗ, ਕੈਂਸਰ, ਬਲੱਡ ਪਰੈਸ਼ਰ ਤੇ ਮੋਟਾਪਾ ਚਿੰਤਾ ਦਾ ਵਿਸ਼ਾ ਬਣ ਚੁੱਕੇ ਹਨ। ਇਸੇ ਲਈ ਉਨ੍ਹਾਂ ਮੁਲਕਾਂ ਵਿੱਚ ਭਾਰਤੀ ਖਾਣਿਆਂ 'ਤੇ ਖੋਜ ਆਰੰਭੀ ਗਈ ਕਿਉਂਕਿ ਏਥੇ ਏਨੀ ਵੱਡੀ ਮਾਤਰਾ ਵਿੱਚ ਉਦੋਂ ਸ਼ੱਕਰ ਰੋਗੀ ਨਹੀਂ ਸਨ।

ਮੌਜੂਦਾ ਖੋਜ ਇੱਕੋ ਸਮੇਂ 18 ਮੁਲਕਾਂ ਵਿੱਚ ਆਰੰਭੀ ਗਈ। ਉਸ ਵਿੱਚ ਵੱਖ ਵੱਖ ਤਰ੍ਹਾਂ ਦੇ ਘਿਓ, ਤੇਲ, ਕਾਰਬੋਹਾਈਡਰੇਟਸ ਤੇ ਪ੍ਰੋਟੀਨ ਦੀ ਵਰਤੋਂ ਅਤੇ ਉਨ੍ਹਾਂ ਦੇ ਸਿਹਤ ਉੱਤੇ ਪੈਂਦੇ ਅਸਰ ਵੇਖੇ ਗਏ। ਇਸ ਵਿੱਚ ਦਿਲ ਦੀਆਂ ਬੀਮਾਰੀਆਂ ਤੇ ਉਨ੍ਹਾਂ ਸਦਕਾ ਹੋਈਆਂ ਮੌਤਾਂ ਬਾਰੇ ਵੀ ਨਤੀਜੇ ਕੱਢੇ ਗਏ। ਦਸ ਸਾਲਾਂ ਤਕ (2003 ਤੋਂ 2013) ਚੱਲੀ ਇਸ ਖੋਜ ਵਿੱਚ 35 ਤੋਂ 70 ਸਾਲਾਂ ਦੀਆਂ ਔਰਤਾਂ ਤੇ ਪੁਰਸ਼ ਸ਼ਾਮਲ ਕੀਤੇ ਗਏ। ਇਸ ਖੋਜ ਦੌਰਾਨ 5,796 ਮੌਤਾਂ ਹੋਈਆਂ ਅਤੇ 4,784 ਹਾਰਟ ਅਟੈਕ ਤੇ ਅਧਰੰਗ ਦੇ ਮਰੀਜ਼ ਸਾਹਮਣੇ ਆਏ। ਕੁੱਲ ਇੱਕ ਲੱਖ 35 ਹਜ਼ਾਰ ਤਿੰਨ ਸੌ ਪੈਂਤੀ ਲੋਕਾਂ ਦਾ ਖਾਣ ਪੀਣ ਦਾ ਰਿਕਾਰਡ ਰੱਖਿਆ ਗਿਆ ਅਤੇ ਉਨ੍ਹਾਂ ਦਾ ਪੂਰਾ ਚੈੱਕਅੱਪ ਵੀ ਲਗਾਤਾਰ ਕੀਤਾ ਗਿਆ ਸੀ।

**ਖੋਜ ਦੇ ਨਤੀਜੇ :** ਇਸ ਖੋਜ ਦੇ ਨਤੀਜਿਆਂ ਨੇ ਹੁਣ ਤਕ ਦੇ ਖਾਣ ਪੀਣ ਉੱਤੇ ਲਾਈਆਂ ਰੋਕਾਂ ਉੱਤੇ ਵੱਡਾ ਕਿੰਤੂ ਪਰੰਤੂ ਖੜ੍ਹਾ ਕਰ ਦਿੱਤਾ ਹੈ। ਪਹਿਲਾਂ ਦੀਆਂ ਖੋਜਾਂ ਅਨੁਸਾਰ ਥਿੰਦਾ, ਖਾਸ ਕਰ ਦੇਸੀ ਘਿਓ ਨੂੰ ਦਿਲ ਲਈ ਹਾਨੀਕਾਰਕ ਦੱਸ ਕੇ ਰੀਫਾਇੰਡ ਤੇਲਾਂ ਵਲ ਵੱਧ ਝੁਕਾਓ ਬਣਾ ਦਿੱਤਾ ਗਿਆ ਸੀ। ਇਸ ਵਾਸਤੇ ਮੀਡੀਆ ਰਾਹੀਂ ਇੰਨੀ ਇਸ਼ਤਿਹਾਰਬਾਜ਼ੀ ਕੀਤੀ ਗਈ ਕਿ ਮਸ਼ਹੂਰੀ ਦੇ ਆਧਾਰ ਉੱਤੇ ਹੀ ਮਲੇਸ਼ੀਆ ਨੇ 'ਪਾਮ ਤੇਲ' ਭਾਰਤੀਆਂ ਨੂੰ ਵੇਚ ਕੇ ਆਪਣੀ ਅਰਥ-ਵਿਵਸਥਾ ਮਜ਼ਬੂਤ ਕਰ ਲਈ। ਹਰ ਅਖ਼ਬਾਰ, ਕਿਤਾਬ, ਜਰਨਲ ਵਿੱਚ ਖਾਣੇ ਵਿੱਚ ਘਿਓ ਤੇ ਤੇਲ ਦੀ ਮਾਤਰਾ ਸਿਰਫ਼ 30 ਫ਼ੀਸਦੀ, ਜਿਸ ਵਿੱਚ ਦੇਸੀ ਘਿਓ 10 ਫ਼ੀਸਦੀ ਤੋਂ ਵੀ ਘੱਟ ਵਰਤੋਂ ਕਰਨ ਬਾਰੇ ਜ਼ੋਰ ਦਿੱਤਾ ਗਿਆ। ਇਸ ਇਸ਼ਤਿਹਾਰਬਾਜ਼ੀ ਨੇ ਦੇਸੀ ਘਿਓ ਨੂੰ ਪਿਛਾਂਹ ਧੱਕ ਕੇ ਵੱਖ ਵੱਖ ਰੀਫਾਇੰਡ ਤੇਲਾਂ ਦੇ ਕਾਰੋਬਾਰ ਨੂੰ ਖਰਬਾਂ ਦਾ ਮੁਨਾਫ਼ਾ ਦੁਆਇਆ।

ਮੈਡੀਕਲ ਜਰਨਲਾਂ ਵਿੱਚ ਛਪੀਆਂ ਖੋਜਾਂ ਨੇ ਡਾਕਟਰਾਂ ਨੂੰ ਵੀ ਆਪੋ ਆਪਣੇ ਮਰੀਜ਼ਾਂ ਨੂੰ ਘੱਟ ਘਿਓ ਦੀ ਵਰਤੋਂ ਕਰਨ ਦੀ ਸਲਾਹ ਦੇਣ ਲਈ ਮਜਬੂਰ ਕਰ ਦਿੱਤਾ। ਬਾਅਦ ਵਿੱਚ ਇਹ ਤੱਥ ਸਾਹਮਣੇ ਆਇਆ ਕਿ ਇਸ ਵਾਸਤੇ ਕੰਪਨੀਆਂ ਵੱਲੋਂ ਦਿੱਤੇ ਪੈਸਿਆਂ ਨਾਲ ਖੋਜਾਂ ਕਰਵਾਈਆਂ ਗਈਆਂ, ਜਿਨ੍ਹਾਂ ਨੇ ਐੱਲ.ਡੀ.ਐੱਲ. ਤੇ ਐੱਚ.ਡੀ.ਐੱਲ. ਕੋਲੈਸਟਰੋਲ ਦਾ ਐਸਾ ਹਊਆ ਬਣਾ ਕੇ ਪੇਸ਼ ਕੀਤਾ ਕਿ ਆਮ ਬੰਦਾ ਦਿਨ ਰਾਤ ਲੈਬਾਰਟਰੀਆਂ ਵਿੱਚੋਂ ਟੈਸਟ ਕਰਵਾ ਕੇ ਡਾਕਟਰਾਂ ਤੋਂ ਚੰਗੇ ਮਾੜੇ ਕੋਲੈਸਟਰੋਲ ਦੇ ਵਾਧੇ ਘਾਟੇ ਬਾਰੇ ਪੁੱਛਦਾ ਹੀ ਗੁੰਮ ਹੋ ਕੇ ਰਹਿ ਗਿਆ। ਇਸ ਸਾਰੇ ਰੌਲੇ ਗੌਲੇ ਵਿੱਚ ਸਭ ਤੋਂ ਵੱਧ ਮਾਰ ਦੇਸੀ ਘਿਓ ਨੂੰ ਪਈ। ਪਿੰਡਾਂ ਵਿੱਚ ਘਰ ਦਾ ਘਿਓ, ਮੱਖਣ ਛੱਡ ਕੇ ਮੁੱਲ ਖਰੀਦਿਆ ਰੀਫਾਇੰਡ ਤੇਲ, ਕਨੋਲਾ ਤੇਲ ਤੇ ਓਲਿਵ ਤੇਲ ਵਰਤਣ ਦਾ ਭੂਤ ਸਵਾਰ ਹੋ ਗਿਆ।

ਕੈਨੇਡੀਅਨ ਇੰਸਟੀਚਿਊਟ ਆਫ ਹੈਲਥ ਰੀਸਰਚ ਵੱਲੋਂ ਕੀਤੇ ਖ਼ਰਚੇ ਰਾਹੀਂ ਪੂਰੀ ਕੀਤੀ ਖੋਜ, ਜਿਸ ਵਿੱਚ ਓਨਟਾਰੀਓ ਮਿਨਿਸਟਰੀ ਆਫ਼ ਹੈਲਥ ਨੇ ਵੀ ਗਰਾਂਟਾਂ ਦਿੱਤੀਆਂ, ਵਿੱਚ ਅਰਜਨਟੀਨਾ, ਬੰਗਲਾ ਦੇਸ਼, ਬਰਾਜ਼ੀਲ, ਕੈਨੇਡਾ, ਦਿੱਲੀ, ਚੀਨ, ਕੋਲੰਬੀਆ, ਭਾਰਤ, ਮਲੇਸ਼ੀਆ, ਪੈਲਸਟੀਨ, ਪੋਲੈਂਡ, ਸਾਊਥ ਅਫਰੀਕਾ, ਨੀਦਰਲੈਂਡ, ਸਵੀਡਨ, ਤੁਰਕੀ ਤੇ ਦੁਬਈ ਸਮੇਤ ਕਈ ਮੁਲਕਾਂ ਤੇ ਸਿਹਤ ਸੰਸਥਾਵਾਂ ਨੇ ਰਲ ਕੇ ਪੁਰਾਣੀ ਖੋਜ ਨੂੰ ਖੰਡਿਤ ਕਰ ਦਿੱਤਾ ਹੈ।

ਨਵੀਂ ਖੋਜ ਮੁਤਾਬਕ ਸਭ ਤੋਂ ਵੱਧ ਮੌਤਾਂ ਉਨ੍ਹਾਂ ਬੰਦਿਆਂ ਦੀਆਂ ਹੋਈਆਂ ਜੋ ਪੂਰੇ ਦਿਨ ਦੇ ਖਾਣੇ ਵਿੱਚ 60 ਫ਼ੀਸਦੀ ਤੋਂ ਵੱਧ ਕਾਰਬੋਹਾਈਡਰੇਟਸ (ਖੰਡ, ਮੈਦਾ, ਕਣਕ ਦਾ ਆਟਾ) ਵਰਤ ਰਹੇ ਸਨ। ਜਿਨ੍ਹਾਂ ਲੋਕਾਂ ਦੇ ਖਾਣੇ ਵਿੱਚ ਰੀਫਾਇੰਡ ਕਾਰਬੋਹਾਈਡਰੇਟਸ (ਖੰਡ, ਸ਼ੱਕਰ, ਗੁੜ, ਮੈਦਾ) ਦੀ ਥਾਂ ਸੈਚੂਰੇਟਿਡ ਥਿੰਦੇ (ਦੇਸੀ ਘਿਓ) ਦੀ ਮਾਤਰਾ ਵੱਧ ਸੀ, ਉਨ੍ਹਾਂ ਲੋਕਾਂ ਵਿੱਚ ਅਧਰੰਗ ਹੋਣ ਦਾ ਖ਼ਤਰਾ ਕਈ ਗੁਣਾਂ ਘਟਿਆ ਲੱਭਿਆ।

ਦੇਸੀ ਘਿਓ ਖਾਣ ਵਾਲਿਆਂ ਦਾ ਐੱਲ.ਡੀ.ਐੱਲ. ਤੇ ਐੱਚ.ਡੀ.ਐੱਲ. ਕੋਲੈਸਟਰੋਲ ਵਧਿਆ ਹੋਇਆ ਲੱਭਿਆ ਤੇ ਟਰਾਈਗਲਿਸਰਾਈਡ ਘਟੇ ਹੋਏ ਲੱਭੇ। ਯਾਨੀ, ਮਾੜਾ ਤੇ ਚੰਗਾ ਕੋਲੈਸਟਰੋਲ, ਦੋਵੇਂ ਵਧ ਗਏ, ਪਰ ਫਿਰ ਵੀ ਇੰਨੇ ਖ਼ਤਰਨਾਕ ਨਹੀਂ ਸਨ। ਜਿਹੜੇ ਜ਼ਿਆਦਾ ਕਾਰਬੋਹਾਈਡਰੇਟਸ ਵਰਤ ਰਹੇ ਸਨ, ਉਨ੍ਹਾਂ ਦਾ ਐੱਲ.ਡੀ.ਐੱਲ. ਤੇ ਐੱਚ.ਡੀ.ਐੱਲ. ਕੋਲੈਸਟਰੋਲ, ਦੋਵੇਂ ਘਟ ਗਏ ਸਨ। ਮਤਲਬ ਇਹ ਕਿ ਮੈਦਾ ਤੇ ਖੰਡ ਖਾਣ ਨਾਲ ਜਿੱਥੇ ਮਾੜਾ ਕੋਲੈਸਟਰੋਲ ਵਧ ਗਿਆ, ਉੱਥੇ ਚੰਗਾ ਕੋਲੈਸਟਰੋਲ ਵੀ ਘਟ ਗਿਆ। ਦੇਸੀ ਘਿਓ ਦੀ ਵਰਤੋਂ ਕਰਨ ਵਾਲਿਆਂ ਦੇ ਸਰੀਰਾਂ ਅੰਦਰ ਐਪੋ-ਬੀ/ ਐਪੋ-ਏ 1 ਦੀ ਮਾਤਰਾ ਘਟੀ ਹੋਈ ਲੱਭੀ ਜਿਸ ਨਾਲ ਹਾਰਟ ਅਟੈਕ ਤੇ ਐਨਜਾਈਨਾ ਦਾ ਖ਼ਤਰਾ ਕਈ ਗੁਣਾਂ ਘੱਟ ਹੋ ਗਿਆ।

ਐੱਲ.ਡੀ.ਐੱਲ. ਕੋਲੈਸਟਰੋਲ ਉੱਤੇ ਸਿਰਫ਼ ਖ਼ੁਰਾਕ ਦਾ ਹੀ ਅਸਰ ਨਹੀਂ ਪੈਂਦਾ। ਇਸੇ ਲਈ ਇਕੱਲੀ ਖ਼ੁਰਾਕ ਉੱਤੇ ਹੀ ਹਾਰਟ ਅਟੈਕ ਨਾਲ ਹੋ ਰਹੀਆਂ ਮੌਤਾਂ ਦੀ ਜ਼ਿੰਮੇਵਾਰੀ ਨਹੀਂ ਪਾਈ ਜਾ ਸਕਦੀ। ਤਣਾਓ ਵੀ ਇਕ ਵੱਡਾ ਕਾਰਨ ਉਭਰ ਕੇ ਸਾਹਮਣੇ ਆ ਰਿਹਾ ਹੈ। ਟਰਾਂਸ ਫੈਟ (ਬਜ਼ਾਰੀ ਤਲੇ ਆਲੂ, ਚਿਪਸ, ਬਰਗਰ, ਪਿਜ਼ਾ, ਆਦਿ) ਦਿਲ, ਜਿਗਰ ਅਤੇ ਅੰਤੜੀਆਂ ਲਈ ਹਾਨੀਕਾਰਕ ਸਿੱਧ ਹੋ ਚੁੱਕੇ ਹਨ ਤੇ ਮੋਟਾਪੇ ਨਾਲ ਹੋ ਰਹੀਆਂ ਬੀਮਾਰੀਆਂ ਲਈ ਵੀ। ਜਿਨ੍ਹਾਂ ਨੇ ਦੇਸੀ ਘਿਓ ਛੱਡ ਕੇ ਰੀਫਾਇੰਡ ਘਿਓ ਖਾਣਾ ਸ਼ੁਰੂ ਕੀਤਾ ਸੀ, ਉਨ੍ਹਾਂ ਵਿੱਚ ਵੀ ਮਰਨ ਦਰ ਘਟੀ ਨਹੀਂ। ਵੱਧ ਕਾਰਬੋਹਾਈਡਰੇਟ ਤੇ ਘੱਟ ਥਿੰਦੇ ਵਾਲੀ ਖ਼ੁਰਾਕ ਖਾਣ ਵਾਲਿਆਂ ਵਿੱਚ ਮੌਤ ਦਰ ਵੱਧ ਦਿਸੀ ਪਰ ਹਾਰਟ ਅਟੈਕ ਨਾਲੋਂ ਜ਼ਿਆਦਾ ਸਟਰੋਕ ਜਾਂ ਹੋਰ ਕਾਰਨਾਂ ਕਰ ਕੇ। ਖਾਣੇ ਵਿੱਚ ਥਿੰਦਾ ਨਾ ਬਰਾਬਰ ਕਰਨ ਬਾਅਦ ਵੀ ਮੌਤ ਦਰ ਵਿੱਚ ਕੋਈ ਫ਼ਰਕ ਨਹੀਂ ਦਿਸਿਆ। ਜੇ ਖ਼ੁਰਾਕ ਵਿੱਚ ਘਿਓ ਦੀ ਮਾਤਰਾ 30 ਫ਼ੀਸਦੀ ਦੀ ਥਾਂ ਉੱਤੇ 35 ਫ਼ੀਸਦੀ ਹੋਵੇ, ਤਾਂ ਮੌਤ ਦਰ ਘਟ ਜਾਂਦੀ ਹੈ ਤੇ ਅਧਰੰਗ ਦਾ ਖ਼ਤਰਾ ਵੀ ਘਟ ਜਾਂਦਾ ਹੈ। ਇੰਜ ਦਿਲ ਦੇ ਰੋਗਾਂ ਤੋਂ ਇਲਾਵਾ ਹੋਰ ਕਾਰਨਾਂ ਕਰ ਕੇ ਵੀ ਮੌਤ ਦਾ ਖ਼ਤਰਾ ਘੱਟ ਹੋ ਜਾਂਦਾ ਹੈ। ਚਿੱਟੇ ਚੌਲ, ਖੰਡ, ਸ਼ੱਕਰ, ਗੁੜ, ਮੈਦਾ ਖਾਣ ਨਾਲ ਮੌਤ ਦਰ ਵਧੀ ਦਿਸੀ ਤੇ ਹਾਰਟ ਅਟੈਕ ਵੀ ਵੱਧ ਹੋਏ ਲੱਭੇ। ਘਿਓ ਨਾਲੋਂ ਮੈਦਾ ਤੇ ਖੰਡ ਕੋਲੈਸਟਰੋਲ ਅਤੇ ਬਲੱਡ ਪਰੈਸ਼ਰ ਉੱਤੇ ਵੱਧ ਮਾੜਾ ਅਸਰ ਪਾਉਂਦੇ ਹਨ। ਜੇ ਦੇਸੀ ਘਿਓ ਖਾਇਆ ਜਾਵੇ ਤਾਂ ਮੌਤ ਦਰ ਤੇ ਅਧਰੰਗ ਦਾ ਖ਼ਤਰਾ ਤਾਂ ਘਟਦਾ ਹੀ ਹੈ, ਦਿਲ ਦੀਆਂ ਬੀਮਾਰੀਆਂ ਤੇ ਹਾਰਟ ਅਟੈਕ ਦਾ ਖ਼ਤਰਾ ਵੀ ਘਟ ਜਾਂਦਾ ਹੈ।

ਖੰਡ, ਗੁੜ, ਸ਼ੱਕਰ, ਮੈਦਾ, ਚਿੱਟੇ ਚੌਲ ਤੇ ਕਣਕ ਦਾ ਬਿਨਾਂ ਛਾਣਬੂਰੇ ਵਾਲਾ ਆਟਾ ਖਾਣ ਨਾਲ ਮੌਤ ਦਰ ਵਧ ਜਾਂਦੀ ਹੈ ਤੇ ਹਾਰਟ ਅਟੈਕ ਦਾ ਖ਼ਤਰਾ ਵੀ ਵਧ ਜਾਂਦਾ ਹੈ। ਕਾਰਬੋਹਾਈਡਰੇਟ ਨਾਲੋਂ ਵੱਧ ਦੇਸੀ ਘਿਓ ਖਾਣ ਨਾਲ ਅਧਰੰਗ ਦਾ ਖ਼ਤਰਾ ਘਟ ਜਾਂਦਾ ਹੈ। ਘਿਓ ਖਾਣ ਨਾਲ ਮੌਤ ਦਰ ਵਧਣ ਦਾ ਕੋਈ ਸੰਬੰਧ ਨਹੀਂ। ਦਿਲ ਦੀਆਂ ਬਿਮਾਰੀਆਂ ਉੱਤੇ ਵੀ ਘਿਓ ਖਾਣ ਨਾਲ ਕੋਈ ਮਾੜਾ ਅਸਰ ਨਹੀਂ ਲੱਭਿਆ। ਲੋੜੋਂ ਵੱਧ ਘਿਓ ਜਾਂ ਤੇਲ ਖਾਣ ਨਾਲ ਮੋਟਾਪਾ ਵਧ ਜਾਂਦਾ ਹੈ ਜੋ ਮੋਟਾਪੇ ਤੋਂ ਹੋਣ ਵਾਲੀਆਂ ਬੀਮਾਰੀਆਂ ਨੂੰ ਸੱਦਾ ਦਿੰਦਾ ਹੈ। ਇਸ ਨਾਲ ਬਾਅਦ ਵਿੱਚ ਸ਼ੱਕਰ ਰੋਗ, ਬਲੱਡ ਪ੍ਰੈਸ਼ਰ ਤੇ ਕੈਂਸਰ ਹੋ ਸਕਦਾ ਹੈ। ਲੋੜੋਂ ਵੱਧ ਹਰ ਚੀਜ਼ ਨੁਕਸਾਨ ਕਰਦੀ ਹੈ। ਇਸੇ ਲਈ ਦੇਸੀ ਘਿਓ ਦੀ ਵਰਤੋਂ ਵੀ ਹਿਸਾਬ ਨਾਲ ਕਰਨੀ ਚਾਹੀਦੀ ਹੈ। ਸਿਰਫ਼ ਓਨਾ ਜਿੰਨਾ ਕਸਰਤ ਨਾਲ ਹਜ਼ਮ ਕੀਤਾ ਜਾ ਸਕੇ। ਵਾਧੂ ਲੂਣ, ਖੰਡ, ਸ਼ੱਕਰ, ਗੁੜ ਤੇ ਮੈਦਾ ਤਾਂ ਹਰ ਹਾਲ ਬੰਦ ਕਰਨਾ ਹੀ ਪੈਣਾ ਹੈ। ਕਣਕ ਦੇ ਆਟੇ ਦੀ ਥਾਂ ਰਾਗੀ, ਬਾਜਰੇ ਤੇ ਮੱਕੀ ਦਾ ਆਟਾ ਵਰਤਣਾ ਸ਼ੁਰੂ ਕਰ ਦੇਣਾ ਚਾਹੀਦਾ ਹੈ। ਰੀਫਾਇੰਡ ਘਿਓ ਨੂੰ ਦੇਸੀ ਘਿਓ ਉੱਤੇ ਪਹਿਲ ਨਹੀਂ ਦੇਣੀ ਚਾਹੀਦੀ।

ਡਾ. ਹਰਸ਼ਿੰਦਰ ਕੌਰ, ਸੰਪਰਕ: 0175-2216783

# ਦੀਵਾਲੀ ਦੇ ਤਿਉਹਾਰ ਦੇ ਤੋਹਫੇ




ਦੀਵਾਲੀ ਦੇ ਤਿਉਹਾਰ ਸਮੇਂ ਆਪਣੇ-ਆਪਣੇ ਸੱਜਣਾਂ ਮਿੱਤਰਾਂ, ਸਕੇ-ਸਬੰਧੀਆਂ, ਛੋਟੇ ਭੈਣ-ਭਰਾਵਾਂ ਨੂੰ ਤੋਹਫੇ ਦਿੱਤੇ ਜਾਂਦੇ ਹਨ। ਤੋਹਫੇ ਹਾਸਲ ਕਰਕੇ ਖੁਸ਼ੀ ਮਹਿਸੂਸ ਹੁੰਦੀ ਹੈ। ਇਹ ਖੁਸ਼ੀ ਉਸ ਸਮੇਂ ਹੋਰ ਵੀ ਦੁੱਗਣੀ ਹੋ ਜਾਂਦੀ ਹੈ ਜਦੋਂ ਕੋਈ ਸਾਡਾ ਪਿਆਰਾ ਸਾਡੇ ਲਈ ਖਾਸ ਤੋਹਫਾ ਲੈ ਕੇ ਆਉਂਦਾ ਹੈ। ਵੈਸੇ ਤਾਂ ਹਰ ਕੋਈ ਇਹੀ ਕੋਸ਼ਿਸ਼ ਕਰਦਾ ਹੈ ਕਿ ਆਪਣਿਆਂ ਨੂੰ ਕੀਮਤੀ ਤੋਹਫੇ ਦਿੱਤੇ ਜਾਣ। ਇਹ ਜ਼ਰੂਰੀ ਨਹੀਂ ਕਿ ਤੋਹਫੇ ਦੀ ਕੀਮਤ ਪੈਸੇ ਵਿਚ ਜ਼ਿਆਦਾ ਹੋਵੇ। ਕੀਮਤ ਤਾਂ ਭਾਵਨਾਵਾਂ ਦੀ ਚਾਹੀਦੀ ਹੈ, ਕਦਰ ਦੀ ਚਾਹੀਦੀ ਹੈ, ਪਿਆਰ ਦੀ ਚਾਹੀਦੀ ਹੈ। ਜਦੋਂ ਕੋਈ ਸਾਨੂੰ ਤੋਹਫਾ ਦਿੰਦਾ ਹੈ ਤਾਂ ਉਸ ਤੋਹਫੇ ਦੀ ਕੀਮਤ ਭਾਵਨਾ ਤੇ ਪਿਆਰ ਵਿਚ ਦੇਖੀ ਜਾਵੇ ਤਾਂ ਉਹ ਜ਼ਿਆਦਾ ਖੁਸ਼ੀ ਪ੍ਰਦਾਨ ਕਰੇਗਾ। ਜੇਕਰ ਪੈਸੇ ਵਿਚ ਕੀਮਤੀ ਤੋਹਫੇ ਜ਼ਿਆਦਾ ਖੁਸ਼ੀ ਦਿੰਦੇ ਤਾਂ ਤੋਹਫਿਆਂ ਦਾ ਅਦਾਨ-ਪ੍ਰਦਾਨ ਸਿਰਫ ਅਮੀਰ ਲੋਕਾਂ ਤੱਕ ਹੀ ਸੀਮਤ ਰਹਿ ਜਾਣਾ ਸੀ।

ਸਾਡੇ ਸਮਾਜ ਵਿਚ ਬਹੁਤ ਲੋਕ ਅਜਿਹੇ ਹਨ ਜਿਹੜੇ ਤੋਹਫੇ ਦਾ ਮਤਲਬ ਨਹੀਂ ਸਮਝਦੇ। ਤੋਹਫੇ ਨੂੰ ਇਕ ਆੜ ਸਮਝਦੇ ਹਨ। ਇਕ ਸਾਲ ਦੀਵਾਲੀ ਵਾਲੇ ਦਿਨ ਦੀ ਗੱਲ ਹੈ। ਮੈਂ ਆਪਣੇ ਗੁਆਂਢ ਕਿਸੇ ਦੇ ਘਰ ਗਈ, ਉਨ੍ਹਾਂ ਦੀ ਬਜ਼ੁਰਗ ਮਾਤਾ ਆਪਣੀ ਧੀ ਨੂੰ ਆਖ ਰਹੀ ਸੀ, "ਕੁੜੀਏ ਖਿਆਲ ਰੱਖੀ, ਕੌਣ ਕੀ ਦੇ ਕੇ ਗਿਆ ਏ, ਆਪਾਂ ਕਿਸੇ ਦੀ ਆੜ ਨਹੀਂ ਰੱਖਣੀ।" ਜੇਕਰ ਪਿਆਰ ਦੇ ਇਸ ਤੋਹਫੇ ਨੂੰ ਆੜ ਸਮਝਿਆ ਜਾਵੇ, ਤੋਹਫੇ ਦਿੰਦੇ ਸਮੇਂ ਜਾਂ ਲੈਣ ਸਮੇਂ ਹੋਠਾਂ ਤੇ ਪਿਆਰ ਭਰੀ ਮੁਸਕਾਨ ਨਾ ਹੋਵੇ ਤਾਂ ਤੋਹਫਾ ਅਰਥਹੀਣ ਹੋ ਜਾਂਦਾ ਹੈ।

ਵੈਸੇ ਤਾਂ ਪਿਆਰ ਨਾਲ ਦਿੱਤਾ ਹਰ ਤੋਹਫਾ ਕਦਰਦਾਨ ਦਿਲ ਨਾਲ ਲਾ ਕੇ ਰੱਖਦਾ ਹੈ ਪਰ ਫੇਰ ਸਾਨੂੰ ਤੋਹਫਾ ਖਰੀਦਣ ਸਮੇਂ ਇਹ ਦੇਖਣਾ ਚਾਹੀਦਾ ਹੈ ਕਿ ਅਸੀਂ ਤੋਹਫਾ ਜਿਸ ਨੂੰ ਦੇ ਰਹੇ ਹਾਂ ਇਹ ਤੋਹਫਾ ਉਸ ਵਾਸਤੇ ਕਿੰਨੀ ਕੁ ਅਹਿਮੀਅਤ ਰੱਖਦਾ ਹੈ। ਅਜਿਹਾ ਤੋਹਫਾ ਚੁਣੋ ਜਿਸ ਨੂੰ ਵੇਖ ਕੇ ਤੁਹਾਡਾ ਪਿਆਰਾ ਖੁਸ਼ ਹੋ ਜਾਵੇ।

ਬੱਚਿਆਂ ਨੂੰ ਦਿਨ-ਤਿਉਹਾਰ ਤੇ ਮੌਕੇ ਮੁਤਾਬਕ ਚੀਜਾ ਚਾਹੀਦੀਆਂ ਹੁੰਦੀਆ ਹਨ ਚੀਜ਼ ਦੀ ਕੀਮਤ ਬਾਰੇ ਉਨ੍ਹਾ ਨੂੰ ਕੁੱਝ ਪਤਾ ਨਹੀਂ ਹੁੰਦਾ। ਇਸ ਲਈ ਬੱਚਿਆਂ ਨੂੰ ਦੀਵਾਲੀ ਦੇ ਮੌਕੇ ਤੇ ਪਟਾਕੇ, ਟਵਾਏ ਗੰਨ, ਚਾਕਲੇਟ, ਕਿਡਜ ਵਾਚ, ਖਿਡੋਣੇ ਆਦਿ ਤੋਹਫੇ ਦੇ ਤੌਰ 'ਤੇ ਦਿੱਤੇ ਜਾ ਸਕਦੇ ਹਨ। ਪਟਾਕੇ ਅਤੇ ਅਜਿਹੇ ਤੋਹਫਿਆਂ ਨਾਲ ਓਨਾ ਨੂੰ ਜ਼ਿਆਦਾ ਖੁਸ਼ੀ ਮਹਿਸੂਸ ਹੋਵੇਗੀ।

ਲੇਡੀਜ ਨੂੰ ਦੀਵਾਲੀ ਮੌਕੇ ਦੇਣ ਲਈ ਭਾਡੇ ਰਸੋਈ ਆਦਿ ਦਾ ਸਮਾਨ ਦਿਓ, ਜੋ ਰਸੋਈ ਵਿੱਚ ਪਿਆ ਮਹਿਮਾਨ ਦੇ ਆਉਣ ਤੇ ਤੁਹਾਡੀ ਯਾਦ ਦਿਵਾਏਗਾ। ਇਸ ਤੋਂ ਇਲਾਵਾ ਬੈੱਡ ਚਾਦਰ, ਸਰਹਾਨਿਆ ਦੇ ਕਵਰ, ਰਜਾਈ ਕਵਰ, ਲੇਡੀਜ ਪਰਸ, ਲੇਡੀਜ ਘੜੀ, ਡਿਨਰ ਸੈੱਟ, ਮੱਗ, ਪਰਫਿਊਮ, ਚਾਦੀ ਦੇ ਗਜਰੇ, ਆਦਿ ਵਧੀਆ ਤੋਹਫੇ ਹਨ। ਜੇਕਰ ਤੁਹਾਡਾ ਕੋਈ ਭੈਣ-ਭਰਾ ਕਿਤੇ ਦੂਰ ਜਾ ਵਿਦੇਸ਼ ਵਿੱਚ ਰਹਿੰਦਾ ਹੈ ਜਿਸ ਨੂੰ ਤੁਸੀਂ ਕਦੇ ਕਦਾਈ ਹੀ ਮਿਲਣਾ ਹੈ ਤਾਂ ਉਸ ਨੂੰ ਉਹ ਤੋਹਫਾ ਦਿਓ ਜੋ ਸਦਾ ਬਹਾਰ ਹੋਵੇ। ਜਿਸ ਦਾ ਭਾਰ ਘੱਟ ਹੋਵੇਂ ਅਤੇ ਉਸ ਦੇ ਵਰਤੋਂ ਦੀ ਚੀਜ ਹੋਵੇਂ ਜਿਸਨੂੰ ਉਹ ਅਸਾਨੀ ਨਾਲ ਆਪਣੇ ਨਾਲ ਲਿਜਾ ਸਕੇ।

ਮੁੰਡਿਆਂ ਅਤੇ ਆਦਮੀਆਂ ਨੂੰ ਤਿਉਹਾਰਾ ਨਾਲ ਕੋਈ ਖਾਸ ਮਤਲਵ ਨਹੀਂ ਹੁੰਦਾ, ਉਨ੍ਹਾ ਨੂੰ ਦੀਵਾਲੀ ਦੇ ਮੌਕੇ ਤੇ ਦੇਣ ਲਈ ਵੀ ਪਰਸ, ਬੈਲਟ, ਪਰਫਿਊਮ, ਘੜੀ, ਸ਼ਰਟ, ਟੀ-ਸ਼ਰਟ, ਜੀਨ, ਕੀ-ਰਿੰਗ ਆਦਿ ਵਧੀਆ ਤੋਹਫੇ ਹਨ।

ਵੇਸੈ ਬਜੁਰਗਾ ਲਈ ਤਾਂ ਉਨ੍ਹਾਂ ਮਾਣ-ਸਨਮਾਣ ਹੀ ਸਭ ਤੋਂ ਵੱਡਾ ਤੋਹਫਾ ਹੁੰਦਾ ਹੈ ਜਿਸ ਨੂੰ ਪਾ ਕੇ ਉਹ ਖੁਲ੍ਹੇ ਦਿਲ ਨਾਲ ਅਸੀਸਾ ਦਿੰਦੇ ਹੋਏ ਸਾਡੀਆਂ ਝੋਲੀਆ ਭਰ ਦਿੰਦੇ ਹਨ। ਮਾਂ-ਬਾਪ ਦੀ ਹਮੇਸ਼ਾ ਹੀ ਸੇਵਾ ਕਰਨਾ ਸਾਡਾ ਫਰਜ਼ ਹੈ ਪਰ ਦਿਨ-ਤਿਉਹਾਰ ਮੌਕੇ ਇਸ ਗੱਲ ਦਾ ਖਾਸ ਧਿਆਨ ਰੱਖਿਆ ਜਾਵੇ ਕਿ ਉਨ੍ਹਾਂ ਦੀ ਜੋ ਪਰੰਮਪਰਾ ਹੈ ਦਿਨ-ਤਿਉਹਾਰ ਮੌਕੇ ਗੁਰੂ-ਘਰ ਜਾਣਾ, ਮਰਿਯਾਦਾ ਅਨੁਸਾਰ ਪਾਠ ਪੂਜਾ ਕਰਕੇ ਤਿਉਹਾਰ ਮਨਾਉਣਾ ਆਦਿ ਇਨ੍ਹਾਂ ਸਾਰੇ ਕੰਮਾ ਵਿੱਚ ਬਜ਼ੁਰਗਾਂ ਦਾ ਹੱਥ ਵਟਾਓ, ਜੇਕਰ ਉਹ ਜ਼ਿਆਦਾ ਬਿਰਧ ਹਨ ਤਾਂ ਉਨ੍ਹਾ ਤੋਂ ਪੁੱਛ-ਪੁਛ ਕੇ ਸਾਰੇ ਕਾਰਜ ਉਨ੍ਹਾ ਅਨੁਸਾਰ ਕਰੋ। ਜੇਕਰ ਬਜ਼ੁਰਗਾਂ ਦਾ ਮਨ ਖੁਸ਼ ਹੋ ਗਿਆ ਤਾਂ ਉਹਨਾ ਦੀਆਂ ਦਿੱਤੀਆ ਅਸੀਸਾ ਰੱਬ ਵੀ ਨਹੀਂ ਮੋੜ ਸਕਦਾ। ਦੀਵਾਲੀ ਦੀ ਤਿਉਹਾਰ ਤੋਂ ਠੰਢ ਸ਼ੁਰੂ ਹੋ ਜਾਦੀ ਹੈ ਇਸ ਲਈ ਬਜੁਰਗ ਬੀਬੀਆ ਵਾਸਤੇ ਸਾਲ, ਕੋਟੀਆ, ਬਜ਼ੁਰਗ ਪੁਰਸ਼ਾਂ ਵਾਸਤੇ ਲੋਈ, ਜਾਕਟ ਅਤੇ ਕੰਬਲ, ਆਦਿ ਵਧੀਆ ਤੋਹਫੇ ਹਨ ਜਿਹੜੇ ਆਉਣ ਸਮੇਂ ਵਿੱਚ ਉਨ੍ਹਾ ਦੇ ਕੰਮ ਆਉਣੇ ਹੁੰਦੇ ਹਨ। ਇਸ ਤੋ ਇਲਾਵਾ ਸੁੱਕੇ ਮੇਵੇ ਆਦਿ ਵੀ ਬਜ਼ੁਰਗਾਂ ਲਈ ਲਾਹੇਬੰਦ ਤੇ ਵਧੀਆ ਤੋਹਫੇ ਹਨ।

ਵੇਸੈ ਅੱਜ ਕੱਲ੍ਹ ਮਹਿੰਗਾਈ ਦਾ ਜ਼ਮਾਨਾ ਹੈ ਇਸ ਲਈ ਘਰੇਲ ਬੱਜਟ ਨੂੰ ਦੇਖਦੇ ਹੋਏ ਹੀ ਖਰਚਾ ਕਰਨਾ ਚਾਹੀਦਾ ਹੈ। ਤੁਹਾਡਾ ਪਿਆਰ ਨਾਲ ਦਿੱਤਾ ਹੋਇਆ ਕਾਗਜ਼ ਦਾ ਇਕ ਟੁਕੜਾ ਵੀ ਤੁਹਾਡੇ ਆਪਣਿਆਂ ਨੂੰ ਅਜਿਹੀ ਖੁਸ਼ੀ ਦੇ ਸਕਦਾ ਹੈ ਜਿਸ ਦੀ ਤੁਸੀਂ ਕਲਪਨਾ ਵੀ ਨਹੀਂ ਕਰ ਸਕਦੇ। ਪਰ ਜੇ ਤੋਹਫ਼ਾ ਲੈਣ ਵਾਲਾ ਬੇਕਦਰਾ ਹੈ ਫੇਰ ਤੁਹਾਡਾ ਹਜ਼ਾਰਾਂ-ਲੱਖਾਂ ਦਾ ਤੋਹਫ਼ਾ ਵੀ ਉਸ ਨੂੰ ਖੁਸ਼ੀ ਨਹੀਂ ਦੇ ਸਕਦਾ।

-ਭਾਗਵੰਤੀ ਪੁਰਬਾ

Scanned with CamScanner

# ਮੇਰੇ ਬਚਪਨ ਵਾਲੀ ਸਾਂਝੀ ਮਾਈ

– ਗਗਨਦੀਪ ਧਾਲੀਵਾਲ (ਝਲੂਰ) ਬਰਨਾਲਾ।






ਦੋਸਤੋਂ ਨਰਾਤਿਆਂ ਦੇ ਆਉਣ ਤੋਂ ਕੁੱਝ ਦਿਨ ਪਹਿਲਾ ਪਿੰਡਾਂ ਵਿੱਚ ਬੱਚਿਆਂ ਵਿੱਚ ਖ਼ਾਸ ਕਰ ਕਰਕੇ ਕੁੜੀਆਂ ਵਿੱਚ ਸਾਂਝੀ ਮਾਈ ਦੀ ਤਿਆਰੂਰੀ ਸ਼ੁਰੂ ਹੋ ਜਾਂਦੀ ਹੈ।ਇਹ ਰੌਣਕ ਕਿਸੇ ਇੱਕ ਦੇ ਘਰ ਜਾਂ ਸਾਂਝੀ ਥਾਂ ਵਿੱਚ ਲੱਗਦੀ ਹੈ।ਮੈਨੂੰ ਵੀ ਅਸੀਂ ਆਪਣੇ ਬਚਪਨ ਦੀ ਸਾਂਝੀ ਮਾਈ ਯਾਦ ਆ ਗਈ ਹੈ। ਜਦੋਂ ਅਕਤੂਬਰ ਮਹੀਨਾ ਆਉਣ ਵਾਲਾ ਹੁੰਦਾ ਸੀ ਜਾਂ ਦੁਸਹਿਰੇ ਦੇ ਤਿਉਹਾਰ ਬਾਰੇ ਪਤਾ ਲੱਗ ਜਾਂਦਾ ਸੀ ਤਾਂ ਮਹੀਨਾ ਪਹਿਲਾ ਹੀ ਅਸੀਂ ਸਾਰੇ ਰਲ ਕੇ ਘਰ ਦੇ ਕੋਲੋਂ ਟੋਭੇ ਵਿੱਚੋਂ ਚੀਕਣੀ ਮਿੱਟੀ ਪੁੱਟਣ ਚਲੇ ਜਾਂਦੇ ਸੀ ਉਸ ਸਮੇਂ ਮਿੱਟੀ ਘਰ ਦੇ ਨੇੜੇ ਟੋਭੇ ਦੀ ਪੱਤਣ 'ਤੇ ਹੀ ਮਿਲਦੀ ਸੀ।ਸਾਰੇ ਆਂਢ ਗੁਆਂਢ ਦੇ ਬੱਚੇ ਖ਼ਾਸਕਰ ਕੁੜੀਆਂ ਸਾਰੀਆਂ ਇਕੱਠੀਆਂ ਹੋਕੇ ਮਿੱਟੀ ਲੈਣ ਚਲੀਆਂ ਜਾਂਦੀਆਂ। ਇਹ ਸਾਰਾ ਸਮਾਨ ਉਸ ਘਰ ਵਿੱਚ ਰੱਖਿਆਂ ਹੁੰਦਾ ਸੀ ਜਿੰਨਾਂ ਨੇ ਸਾਂਝੀ ਮਾਈ ਦੀ ਸੁੱਖ ਸੁੱਖੀ ਹੁੰਦੀ ਸੀ। ਚੀਕਣੀ ਮਿੱਟੀ ਨੂੰ ਕੁੱਟ ਕੇ ਛਾਣ ਕੇ ਆਟੇ ਵਾਂਗ ਗੁੰਨ ਲੈਂਦੇ ਸੀ ਤੇ ਫਿਰ ਉਸਦੇ ਤਾਰੇ ਬਣਾਉਂਦੇ ਸੀ ਛੋਟਿਆਂ ਬੱਚਿਆਂ ਨੂੰ ਤਾਰੇ ਨਹੀਂ ਆਉਂਦੇ ਸਨ ਤਾਂ ਉਹਨਾਂ ਨੂੰ ਤਾਰੇ ਧੁੱਪੇ ਸੁੱਕਣੇ ਪਾਉਣ ਦਾ ਕੰਮ ਦਿੱਤਾ ਜਾਂਦਾ ਸੀ। ਸਕੂਲੋਂ ਆਉਣ ਸਾਰ ਸ਼ਾਮ ਦੇ ਚਾਰ ਵਜੇ ਹੀ ਤਾਰੇ ਬਣਾਉਣ ਲੱਗ ਜਾਂਦੇ ਸੀ। ਸਾਂਝੀ ਮਾਈ ਦੇ ਲਈ ਲੋੜੀਦੇ ਸਮਾਨ ਲਈ ਸਾਰਿਆਂ ਤੋਂ ਥੋੜ੍ਹੇ ਬਹੁਤੇ ਪੈਸੇ ਜਾਂ ਦਾਣੇ ਇਕੱਠੇ ਕੀਤੇ ਜਾਂਦੇ ਸੀ। ਸਾਰੇ ਜਾਣੇ ਰਲ ਕੇ ਹੀ ਸਾਂਝੀ ਮਾਈ ਤਿਆਰ ਕਰਦੇ ਸੀ।

ਅੱਜ ਵੀ ਓਸੇ ਤਰ੍ਹਾਂ ਹੀ ਸਾਂਝੀ ਮਾਈ ਦੇ ਸਾਰੇ ਅੰਗ ਬਣਾਏ ਜਾਂਦੇ ਹਨ। ਮੂੰਹ ਉੱਪਰ ਕੋਡੀਆਂ ਜਾ ਕੱਚ ਦੀਆਂ ਗੋਲ਼ੀਆਂ ਲਗਾਈਆਂ ਜਾਂਦੀਆਂ ਹਨ। ਸਾਰੇ ਗਹਿਣੇ ਵੀ ਬਣਾਏ ਜਾਂਦੇ ਹਨ। ਇਹ ਸਾਰੇ ਅੰਗ ਚੰਦ, ਸੂਰਜ, ਤਾਰੇ ਗਹਿਣੇ ਸੁੱਕ ਜਾਂਦੇ ਹਨ।ਤਾਂ ਇਹਨਾਂ ਨੂੰ ਕਲੀ ਕੀਤੀ ਜਾਦੀ ਹੈ।ਪਹਿਲਾ ਨਰਾਤੇ ਵਾਲੇ ਦਿਨ ਘਰ ਦੀ ਇੱਕ ਕੰਧ ਤੇ ਪਹਿਲਾ ਗੋਹਾ ਮਿਟੀ ਥੱਪਿਆ ਜਾਂਦਾ ਹੈ। ਫਿਰ ਉਸ ਉਪਰ ਸਾਂਝੀ ਮਾਈ ਤੇ ਤਾਰੇ ਵੀ ਚਿਪਕਾ ਦਿੱਤੇ ਜਾਂਦੇ ਹਨ। ਸਾਂਝੀ ਮਾਈ ਉੱਤੇ ਗੋਟੇ ਵਾਲੀ ਲਾਲ ਚੁੰਨੀ ਦਿੱਤੀ ਜਾਂਦੀ ਹੈ। ਸਾਂਝੀ ਮਾਈ ਦੀ ਪੂਜਾ ਦੁਸਹਿਰੇ ਤੋਂ ਪਹਿਲਾਂ ਨੌਂ ਰਾਤਾਂ (ਨਰਾਤਿਆਂ) ਦੌਰਾਨ ਕੀਤੀ ਜਾਂਦੀ ਹੈ। ਪੰਜਾਬ ਵਿੱਚ ਸਾਂਝੀ ਮਾਈ ਦੀ ਮੂਰਤੀ ਬਣਾ ਕੇ ਉਸ ਦੀ ਪੂਜਾ ਕੀਤੀ ਜਾਂਦੀ ਹੈ। ਨਾਲ ਤਾਰਿਆ ਦਾ ਬਰੋਟਾ ਵੀ ਲਾਇਆ ਜਾਂਦਾ ਹੈ। ਇਸ ਲੋਕ ਦੇਵੀ ਦਾ ਸਬੰਧ ਲੋਕ ਧਰਮ ਨਾਲ ਹੈ।ਪਹਿਲੇ ਨਰਾਤੇ ਮੂਰਤੀ ਹੇਠਾਂ ਕੋਰੇ ਕੁੱਜੇ ਵਿੱਚ ਜਾਂ ਭੁੰਜੇ ਹੀ ਕਿਆਰੀ ਬਣਾ ਕੇ ਜੌਂ ਬੀਜੇ ਜਾਂਦੇ ਹਨ। ਕੁੜੀਆਂ ਹਰ ਰੋਜ਼ ਸਵੇਰੇ ਪਾਣੀ ਪਾ ਇਸਨੂੰ ਮੱਥਾ ਟੇਕਦੀਆ ਹਨ। ਸਵੇਰੇ ਸਾਂਝੀ ਨੂੰ ਜਗਾਉਂਦੀਆਂ ਹਨ। ਗੀਤ ਵੀ ਗਾਉਂਦੀਆਂ ਹਨ।

ਜਾਗ ਸਾਂਝੀ ਜਾਗ,
ਤੇਰੇ ਮੱਥੇ ਲੱਗੇ ਭਾਗ,
ਤੇਰੇ ਪੱਟੀਆਂ ਸਿਰ ਸੁਹਾਗ।

–0–

ਉੱਠ ਮੇਰੀ ਸਾਂਝੀ ਉੱਠ ਕੇ ਕੂੰਡਾ ਖੋਲ
ਕੁੜੀਆਂ ਆਈਆਂ ਤੇਰੇ ਕੋਲ।

ਹਰ ਸ਼ਾਮ ਕੁੜੀਆਂ ਮੂਰਤੀ ਅੱਗੇ ਦੀਵੇ ਜਗਾਉਦੀਆਂ ਤੇ ਗੀਤ ਗਾਉਦੀਆਂ ਹਨ। ਆਰਤੀ ਇਸ ਪ੍ਰਕਾਰ ਸ਼ੁਰੂ ਕਰਦੀਆਂ ਹਨ।

ਪਹਿਲੀ ਆਰਤੀ ਕਰਾ ਕਰਾਰ।
ਜੀਵੇ ਮੰਗ ਵੀਰ ਪਿਆਰ।
ਵੀਰ ਪਿਆਰ ਦੀਆਂ ਅੜੀਆ।
ਸ਼ਿਵ ਦੁਆਲੇ ਖੜ੍ਹੀਆ।
ਅਸੀਂ ਹਰਿ ਦਾ ਦਰਸ਼ਨ ਪਾਇਆ।

ਸਾਂਝੀ ਮਾਈ ਦੀ ਗਹਿਣਿਆਂ ਦੀ ਮੰਗ ਪੂਰੀ ਕਰਨ ਲਈ ਕੁੜੀਆਂ ਵੱਲੋਂ ਰਲ ਕੇ ਇਹ ਗੀਤ ਗਾਇਆ ਜਾਂਦਾ ਹੈ

ਮੇਰੀ ਸਾਂਝੀ ਤਾਂ ਮੰਗਦੀ
ਛੱਜ ਭਰ ਗਹਿਣੇ?
ਕਿੱਥੋਂ ਲਿਆਵਾ ਮੇਰੀ ਸਾਂਝੀ
ਮੈਂ ਛੱਜ ਭਰ ਗਹਿਣੇ?

ਵੀਰ ਮੇਰਾ ਸੁਨਿਆਰੇ ਦਾ ਸਾਖੀ
ਉਥੇ ਲਿਆਵਾ ਮੈਂ ਛੱਜ ਭਰ ਗਹਿਣੇ।
ਤੂੰ ਲੈ ਮੇਰੀ ਸਾਂਝੀ
ਛੱਜ ਭਰ ਗਹਿਣੇ।

ਸਾਂਝੀ ਮਾਈ ਦੀ ਪੂਜਾ ਹਰ ਰੋਜ਼ ਸ਼ਾਮ ਵਕਤ ਕੀਤੀ ਜਾਂਦੀ ਹੈ। ਦੇਵੀ ਦੀ ਆਰਤੀ ਉਤਾਰਨ ਉਪਰੰਤ ਦੇਵੀ ਨੂੰ ਭੇਟ ਕੀਤਾ ਪੰਜੀਰੀ ਦਾ ਪ੍ਰਸ਼ਾਦ ਜਾ ਖਿੱਲਾਂ ਦਾ ਭੋਗ ਸਾਰਿਆਂ ਵਿੱਚ ਵੰਡਿਆ ਜਾਂਦਾ ਹੈ। ਆਰਤੀ ਤੋਂ ਬਾਅਦ ਸਾਰੇ ਬੱਚੇ ਆਟੇ ਦੀ ਸੁੱਕੀ ਪੰਜੀਰੀ ਦੀਆਂ ਮੂੰਹ ਵਿੱਚ ਫੱਕਾ ਮਾਰਦੇ ਭੱਜੇ ਆਉਂਦੇ । ਦੁਸਹਿਰੇ ਵਾਲੇ ਦਿਨ, ਕੁੜੀਆਂ ਸਵੇਰੇ ਤਿੰਨ ਚਾਰ ਵਜੇ ਉੱਠ ਕੇ ਉਸੇ ਦਿਨ ਸਰਘੀ ਵੇਲੇ ਸਾਂਝੀ ਮਾਈ ਦੀ ਮੂਰਤੀ ਨੂੰ ਕੰਧ ਤੋਂ ਉਤਰ ਕੇ

ਗੀਤ ਗਾਉਂਦੀਆਂ ਔਰਤਾਂ ਅਤੇ ਬਚਿਆਂ ਦੇ ਟੋਲਿਆਂ ਵਲੋਂ ਕਿਸੇ ਟੋਭੇ ਜਾਂ ਨਦੀ ਨਾਲੇ ਵਿੱਚ, ਜਲ-ਪ੍ਰਵਾਹ ਕਰ ਦਿੱਤਾ ਜਾਂਦਾ ਹੈ। ਚੰਨ ਤੇ ਸੂਰਜ ਨੂੰ ਰੱਖਿਆਂ ਜਾਂਦਾ ਸੀ ਦੀਵਾਲੀ ਤੱਕ।ਉਸ ਸਮੇਂ ਸਾਂਝੀ ਮਾਈ ਲਈ ਗੀਤ ਗਾਇਆ ਜਾਂਦਾ ਹੈ

ਨਾ ਗੋਅ ਮੇਰੀਏ ਸਾਂਝੀਏ,
ਵਰੇ ਦਿਨਾਂ ਨੂੰ ਫੇਰ ਆਵਾਂਗੇ,
ਤੈਨੂੰ ਫੇਰ ਲਿਆਵਾਂਗੇ।

ਇਸ ਤੋਂ ਬਾਅਦ ਗੁਰੂ ਘਰ ਮੱਥਾ ਟੇਕ ਕੇ ਫਿਰ ਸਾਰਿਆਂ ਨੂੰ ਭੋਗ ਵੰਡਿਆਂ ਜਾਂਦਾ ਹੈ।ਅਸੀਂ ਸਾਰੇ ਹੀ ਬੜੇ ਚਾਅ ਨਾਲ ਭੋਗ ਕੋਲੀਆਂ ਵਿੱਚ ਪਵਾ ਕੇ ਖਾਂਦੇ ਸੀ।ਓਸੇ ਦਿਨ ਹੀ ਕੁੜੀਆਂ ਜੌਂਆਂ ਦੀਆਂ ਹਰੀਆਂ ਲਿਟਾਂ ਭਰਾਵਾਂ ਦੀਆਂ ਪੱਗੜੀਆਂ ਜਾਂ ਕੰਨਾਂ ਉੱਤੇ ਟੰਗਦੀਆਂ ਹਨ।ਉਸ ਦਿਨ ਗੰਨਾ ਚੂਪਣਾ ਚੰਗਾ ਸਮਝਿਆਂ ਜਾਂਦਾ ਹੈ। ਦਿਨ ਚੜ੍ਹਨ 'ਤੇ ਸਾਰੇ ਅਸੀਂ ਫਿਰ ਗੰਨੇ ਚੂਪਦੇ ਤੇ ਦੁਸਹਿਰਾ ਦੇਖਣ ਜਾਂਦੇ ਸੀ। ਬਚਪਨ ਵਿੱਚ ਇਹ ਸਾਂਝੀ ਮਾਈ ਦੀ ਤਿਆਰੀ ਤੋਂ ਲੈਕੇ ਦੀਵਾਲੀ ਤੱਕ ਇਹ ਦਿਨ ਬੜੇ ਹੀ ਚਾਅ ਮਸਤੀ ਭਰਪੂਰ ਹੁੰਦੇ ਸੀ ।

ਸਭਾ, ਸੁਸਾਇਟੀਆਂ, ਕਲੱਬਾ ਅਤੇ ਸੰਸਥਾਵਾਂ ਲਈ ਸ਼ਪੈਸਲ
ਸ਼ਨਾਖਤੀ ਕਾਰਡ (Digital PVC ਆਈ-ਕਾਰਡ)
ਅਤੇ ਨਿਯੁਕਤੀ ਪੱਤਰ
ਬਣਵਾਉਣ ਲਈ ਸੰਪਰਕ ਕਰੋ!







ਮਹਿਕ ਵਤਨ ਦੀ ਐਡਵੋਟਾਈਜ਼ਰਮੈਂਟ ਕੰਪਨੀ (ਰਜਿ:)
Help Line: 9988 92 9988
www.mehakwatandilive.com

Scanned with CamScanner




# ਪਿਆਰ ਮੁਹੱਬਤਾਂ ਦੀ ਅਨੋਖੀ ਦਾਸਤਾਨ 'ਕਿਸਮਤ 2'



ਕਿਸਮਤ ਫ਼ਿਲਮ ਨੂੰ ਮਿਲੀ ਰਿਕਾਰਡ ਤੋੜ ਸਫ਼ਲਤਾ ਤੋਂ ਬਾਅਦ ਦਰਸ਼ਕਾਂ ਦੀਆਂ ਨਜ਼ਰਾਂ 'ਕਿਸਮਤ 2' 'ਤੇ ਟਿਕੀਆਂ ਹੋਈਆਂ ਹਨ ਜੋ ਐਮੀ ਵਿਰਕ ਤੇ ਸਰਗੁਣ ਮਹਿਤਾ ਦੀ ਅਧੂਰੀ ਪਿਆਰ ਕਹਾਣੀ ਨੂੰ ਨਵੇਂ ਰੂਪ ਨਾਲ ਪਰਦੇ 'ਤੇ ਰੂਪਮਾਨ ਕਰੇਗੀ। ਪਿਆਰ ਮੁਹੱਬਤ ਦੀ ਇਸ ਨਿਵੇਕਲੀ ਕਹਾਣੀ ਨੂੰ ਲੇਖਕ-ਨਿਰਦੇਸ਼ਕ ਜਗਦੀਪ ਸਿੱਧੂ ਨੇ ਬਹੁਤ ਹੀ ਖ਼ੂਬਸੂਰਤੀ ਨਾਲ ਪਰਦੇ 'ਤੇ ਉਤਾਰਿਆ ਹੈ।

'ਸ਼੍ਰੀ ਨਰੋਤਮ ਜੀ ਸਟੂਡੀਓਜ਼' ਦੇ ਬੈਨਰ ਹੇਠ ਨਿਰਮਾਤਾ ਜੋੜੀ ਅੰਕਿਤ ਵਿਜਨ ਤੇ ਨਵਦੀਪ ਨਰੂਲਾ ਦੀ ਇਸ ਫ਼ਿਲਮ ਨੂੰ 'ਜੀ ਸਟੂਡੀਓਜ਼' ਵਲੋਂ ਪੇਸ਼ ਕੀਤਾ ਗਿਆ ਹੈ। ਪਹਿਲੀ ਫ਼ਿਲਮ ਦੀ ਗੱਲ ਕਰੀਏ ਤਾਂ 2018 'ਚ ਰਿਲੀਜ਼ ਹੋਈ 'ਕਿਸਮਤ' ਨੇ ਵਿਆਹ ਕਲਚਰ ਤੇ ਕਾਮੇਡੀ ਸਿਨੇਮੇ ਤੋਂ ਅੱਕੇ ਦਰਸ਼ਕਾਂ ਨੂੰ ਰੁਮਾਂਟਿਕਤਾ ਭਰੇ ਸੰਗੀਤਕ ਸਿਨੇਮੇ ਨਾਲ ਜੋੜਿਆ। ਅਚਾਨਕ ਆਈ ਇਸ ਫ਼ਿਲਮ ਦੀ ਕਹਾਣੀ ਅਤੇ ਗੀਤ-ਸੰਗੀਤ ਨੇ ਦਰਸ਼ਕਾਂ ਦਾ ਭਰਪੂਰ ਮਨੋਰੰਜਨ ਕੀਤਾ। ਪਹਿਲੀ ਫ਼ਿਲਮ ਦੀ ਸਫ਼ਲਤਾ ਤੋਂ ਬਾਅਦ ਦਰਸ਼ਕਾਂ ਦੇ ਦਿਲਾਂ ਵਿੱਚ 'ਕਿਸਮਤ 2' ਦੀ ਕਲਪਨਾ ਸ਼ੁਰੂ ਹੋਣੀ ਲਾਜ਼ਮੀ ਸੀ, ਜਿਸਨੂੰ ਪੂਰਾ ਕਰਨ ਲਈ ਫ਼ਿਲਮ ਦੀ ਪੂਰੀ ਟੀਮ ਵਲੋਂ ਮੇਹਨਤ ਕੀਤੀ ਗਈ। ਗੀਤਕਾਰ ਜਾਨੀ ਦੇ ਲਿਖੇ ਗੀਤਾਂ ਨੂੰ ਬੀ ਪਰਾਕ ਨੇ ਸੰਗੀਤਬੱਧ ਕੀਤਾ। ਫ਼ਿਲਮ ਦਾ ਸਕਰੀਨ ਪਲੇਅ ਤੇ ਕਹਾਣੀ ਨੂੰ ਜ਼ਬਰਦਸ਼ਤ ਡਾਇਲਾਗਾਂ ਨਾਲ ਸ਼ਿੰਗਾਰਿਆ ਹੈ।

ਪਹਿਲੀ ਫ਼ਿਲਮ ਵਾਂਗ ਇਸ ਵਿੱਚ ਵੀ 'ਐਮੀ ਵਿਰਕ ਤੇ ਸਰਗੁਣ ਮਹਿਤਾ' ਦੀ ਜੋੜੀ ਦਰਸ਼ਕਾਂ ਨੂੰ ਜ਼ਰੂਰ ਪ੍ਰਭਾਵਤ ਕਰੇਗੀ। ਫ਼ਿਲਮ ਦਾ ਸੰਗੀਤ ਵੀ ਬਹੁਤ ਕਮਾਲ ਦਾ ਹੋਵੇਗਾ ਜੋ ਦਰਸ਼ਕਾਂ ਦੇ ਦਿਲਾਂ ਵਿੱਚ ਵਸੇਗਾ। ਉਨ੍ਹਾਂ ਨੂੰ ਸੌ ਫ਼ੀਸਦੀ ਯਕੀਂ ਹੈ ਕਿ 'ਕਿਸਮਤ 2 ' ਦਰਸ਼ਕਾਂ ਦੀ ਪਸੰਦ ਬਣੇਗੀ। ਦਰਸ਼ਕਾਂ ਦੀ ਪਸੰਦ ਅਤੇ ਸਮਾਜਿਕ ਸਰੋਕਾਰਾਂ ਨਾਲ ਜੁੜੇ ਸਿਨੇਮੇ ਦਾ ਨਿਰਮਾਣ ਕਰਨਾ ਉਨਾਂ ਨੂੰ ਚੰਗਾ ਲੱਗਦਾ ਹੈ। ਅੰਕਿਤ ਵਿਜਨ ਤੇ ਨਵਦੀਪ ਨਰੂਲਾ ਦੇ ਮੁਤਾਬਕ ਉਨਾਂ ਨੂੰ ਪੂਰੀ ਉਮੀਦ ਹੈ ਕਿ ਐਮੀ ਵਿਰਕ ਤੇ ਸਰਗੁਣ ਮਹਿਤਾ ਦੀ ਰੁਮਾਂਟਿਕ ਜੋੜੀ ਵਾਲੀ 'ਕਿਸਮਤ 2' ਇਕ ਨਵਾਂ ਇਤਿਹਾਸ ਬਣਾਵੇਗੀ ਤੇ ਪਹਿਲੀ ਫ਼ਿਲਮ ਵਾਂਗ ਵੱਡੀ ਸਫ਼ਲਤਾ ਨੂੰ ਪੰਜਾਬੀ ਸਿਨੇਮੇ ਦੇ ਇਤਿਹਾਸ ਵਿੱਚ ਦਰਜ਼ ਕਰਵਾਏਗੀ।

ਸਾਡੀ ਟੀਮ ਨੇ ਇਸ ਫ਼ਿਲਮ ਨੂੰ ਮਹਾਨ ਬਣਾਉਣ 'ਚ ਕੋਈ ਕਸਰ ਬਾਕੀ ਨਹੀਂ ਛੱਡੀ। ਇਸ ਫ਼ਿਲਮ ਦਾ ਲੇਖਕ-ਨਿਰਦੇਸ਼ਕ ਜਗਦੀਪ ਸਿੱਧੂ ਹੈ। ਫ਼ਿਲਮ 'ਚ ਐਮੀ ਵਿਰਕ, ਸਰਗੁਣ ਮਹਿਤਾ, ਤਾਨੀਆ, ਹਰਦੀਪ ਗਿੱਲ, ਸਤਵੰਤ ਕੌਰ, ਅੰਮ੍ਰਿਤ ਅੰਬਿ, ਬਲਵਿੰਦਰ ਬੁਲਟ ਆਦਿ ਕਲਕਾਰਾਂ ਨੇ ਅਹਿਮ ਕਿਰਦਾਰ ਨਿਭਾਏ ਹਨ। ਫ਼ਿਲਮ ਦਾ ਸੰਗੀਤ ਬੀ ਪਰਾਕ ਨੇ ਤਿਆਰ ਕੀਤਾ ਹੈ। ਗੀਤ ਜਾਨੀ ਨੇ ਲਿਖੇ ਹਨ।

– ਹਰਜਿੰਦਰ ਸਿੰਘ ਜਵੰਦਾ












ਬੱਚਿਆ ਦੁਆਰਾ ਬਣਾਇਆ ਗਈਆਂ ਪੇਟਿੰਗ








## ਪੀ-ਐਚ ਸਕੇਲ ਦੱਸਦੀ ਹੈ ਕਿਹੜਾ ਘੋਲ ਖਾਰਾ ਹੈ ਜਾਂ ਤੇਜ਼ਾਬ

ਜਸਪਾਲ ਸਿਘ ਲੋਹਾਮ

ਪਿਆਰੇ ਬੱਚਿਓ ! ਪੀ-ਐਚ ਸਕੇਲ ਇਕ ਆਮ ਸਕੇਲ ਦੀ ਤਰ੍ਹਾਂ ਨਹੀਂ ਇਹ ਇੱਕ ਪੀ-ਐਚ ਪੇਪਰ ਇੱਕ ਛੋਟੀ ਜਿਹੀ ਸਲਿੱਪ ਹੁੰਦੀ ਹੈ ਅਤੇ ਇੱਕ ਬਹੁਤ ਹੀ ਛੋਟੀ ਜਿਹੀ ਬੁੱਕਲਿਟ ਦੀ ਤਰ੍ਹਾਂ ਹੁੰਦੀ ਹੈ ਅਤੇ ਇਸਦੇ ਕਵਰ 'ਤੇ ਵੱਖ ਵੱਖ ਰੰਗਾਂ ਦਾ ਚਾਰਟ ਹੁੰਦਾ ਹੈ ਜਿਸ ਨਾਲ ਰੰਗਾਂ ਤੋਂ ਪੀ-ਐਚ ਕੀਮਤ ਪਤਾ ਕੀਤੀ ਜਾਂਦੀ ਹੈ। ਕਿਸੇ ਵੀ ਘੋਲ ਦਾ ਤੇਜ਼ਾਬੀਪਨ ਜਾਂ ਖਾਰਾਪਨ ਪਤਾ ਕਰਨ ਲਈ ਵਰਤੀ ਜਾਂਦੀ ਹੈ। ਪੀ-ਐਚ ਸਕੇਲ ਸਾਡੇ ਲਈ ਲਾਭਦਾਇਕ ਹੈ ਅਤੇ ਇਸਦੀ ਪੀ-ਐਚ ਤੇਜ਼ਾਬ ਦੀ ਸੰਘਣਤਾ ਦੇ ਅਨੁਸਾਰ ਬਦਲਦੀ ਰਹਿੰਦੀ ਹੈ।

ਅਸਲ ਵਿਚ pH=-log[H+] ਇਸਦਾ ਮਤਲਬ ਹੈ ਕਿ ਪੀ-ਐਚ, ਐਚ ਆਇਨ ਦੀ ਸੰਘਣਤਾ ਤੇ ਨਿਰਭਰ ਕਰਦੀ ਹੈ ਅਤੇ ਇਸਦੀ ਇਕਾਈ ਮੋਲ ਪ੍ਰਤੀ ਲੀਟਰ ਹੈ। ਪਰ ਪੀ-ਐਚ ਦੀ ਕੀਮਤ ਦੀ ਕੋਈ ਇਕਾਈ ਨਹੀਂ ਹੁੰਦੀ।

ਜਿਹੜੇ ਘੋਲਾਂ ਦੀ ਪੀ-ਐਚ ਕੀਮਤ 7 ਤੋਂ ਘੱਟ ਹੁੰਦੀ ਹੈ ਉਹ ਤੇਜ਼ਾਬੀ ਹੁੰਦੇ ਹਨ ਅਤੇ ਜਿੰਨ੍ਹਾਂ ਦੀ ਕੀਮਤ 7 ਤੋਂ ਵੱਧ ਹੁੰਦੀ ਹੈ ਉਹ ਖਾਰ ਹੁੰਦੇ ਹਨ। ਸਿਰਫ ਉਦਾਸੀਨ ਦੀ ਕੀਮਤ 7 ਹੁੰਦੀ ਹੈ। ਕਿਸੇ ਘੋਲ ਦਾ ਤੇਜ਼ਾਬੀ ਗੁੱਣ ਉਸ ਘੋਲ ਦੇ ਵਿਚ ਐਚ ਆਇਨਾਂ ਦੇ ਛੱਡਣ ਕਰਕੇ ਹੁੰਦਾ ਹੈ ਅਤੇ ਖਾਰੀ ਗੁਣ ਉਸ ਘੋਲ ਵਿਚ OH- ਆਇਨ ਛੱਡਣ ਕਾਰਨ ਹੁੰਦਾ ਹੈ। ਅੱਡ-ਅੱਡ ਘੋਲਾਂ ਦੀ ਪੀ-ਐਚ ਕੀਮਤ ਅਲੱਗ-ਅਲੱਗ ਹੁੰਦੀ ਹੈ¢ ਪੇਟ 'ਚ ਪੈਦਾ ਹੋਏ ਤੇਜ਼ਾਬ ਦੀ ਪੀ-ਐਚ 1, ਮਨੱਖੀ ਚਮੜੀ ਦੀ 5.5, ਪੇਸ਼ਾਬ 6.0, ਖ਼ੂਨ 7.34-7.45, ਲੇਮਨ ਜੂਸ 2, ਸੰਤਰਾ ਜੂਸ 3, ਟਮਾਟਰ ਜੂਸ 4, ਕੋਫੀ 5, ਦੁੱਧ 6.2, 25 ਡਿਗਰੀ ਸੈਲਸੀਅਸ ਵਾਲਾ ਕਸ਼ੀਦਤ ਪਾਣੀ 7, ਸਮੁੰਦਰੀ ਪਾਣੀ 8, ਮਿੱਠਾ ਸੋਡਾ 9, ਮਿਲਕ ਆਫ ਮੈਗਨੀਸ਼ੀਆ 10, ਅਮੋਨੀਆ ਘੋਲ 11, ਸਾਬਣ ਘੋਲ 12 ਅਤੇ ਬਲੀਚ 13 ਹੁੰਦੀ ਹੈ। ਜਦੋਂ ਪੀ-ਐਚ ਪ੍ਰਯੋਗੀ ਢੰਗ ਨਾਲ ਕਰਨਾ ਹੋਵੇ ਤਾਂ ਸਭ ਤੋਂ ਪਹਿਲਾਂ ਪਰਖ ਨਲੀਆਂ ਤੇ ਹੋਰ ਕੱਚ ਦਾ ਸਮਾਨ ਕਸ਼ੀਦਤ ਪਾਣੀ ਨਾਲ ਸਾਫ ਕਰ ਲੈਣਾ ਚਾਹੀਦਾ ਹੈ ਅਤੇ ਸਾਰੇ ਘੋਲ ਤਾਜ਼ੇ ਤਿਆਰ ਕੀਤੇ ਹੋਣੇ ਚਾਹੀਦੇ ਹਨ।

ਪਹਿਲਾ ਤਰੀਕਾ :- ਜਿਸਦੀ ਘੋਲ ਦੀ ਪੀ-ਐਚ ਪਤਾ ਕਰਨੀ ਹੁੰਦੀ ਹੈ ਸਾਨੂੰ ਸਾਫ ਸੁਥਰੇ ਸੁੱਕੇ ਹੱਥਾਂ ਨਾਲ ਉਸ ਘੋਲ ਨੂੰ ਇਕ ਬੀਕਰ ਵਿਚ ਪਾ ਲਓ ਅਤੇ ਇਕ ਪੀ-ਐਚ ਪੇਪਰ ਲਓ ਅਤੇ ਉਸਨੂੰ ਬੀਕਰ ਵਿਚਲੇ ਘੋਲ ਵਿਚ ਤਕਰੀਬਨ 30 ਸੈਕਿੰਟ ਲਈ ਡਬੋ ਦਿਓ ਅਤੇ ਫਿਰ ਪੀ-ਐਚ ਪੇਪਰ ਨੂੰ ਬਾਹਰ ਕੱਢੋ ਅਤੇ ਨੋਟ ਕਰੋ ਕਿਹੜਾ ਰੰਗ ਬਣਦਾ ਹੈ। ਇਸਦਾ ਰੰਗ ਪੀ-ਐਚ ਸਕੇਲ ਨਾਲ ਮਿਲਾਓ ਅਤੇ ਸਕੇਲ ਦੇ ਜਿਹੜੇ ਰੰਗ ਨਾਲ ਰੰਗ ਮਿਲ ਜਾਵੇ ਉਸ ਰੰਗ 'ਤੇ ਲਿਖੀ ਕੀਮਤ ਉਸਦੀ ਪੀ-ਐਚ ਕੀਮਤ ਹੁੰਦੀ ਹੈ ਜਿਸ ਨਾਲ ਤੇਜ਼ਾਬ ਅਤੇ ਖਾਰ ਬਾਰੇ ਪਤਾ ਚੱਲ ਜਾਂਦਾ ਹੈ।

ਦੂਸਰਾ ਤਰੀਕਾ :- ਪੀ-ਐਚ ਪਤਾ ਕਰਨ ਲਈ ਯੂਨੀਵਰਸਲ ਇੰਡੀਕੇਟਰ ਦੀ ਬੋਤਲ ਦੀ ਲੋੜ ਪੈਂਦੀ ਹੈ ਜਿਸਤੇ ਇੱਕ ਰੰਗਦਾਰ ਸਕੇਲ ਹੁੰਦੀ ਹੈ। ਸਭ ਤੋਂ ਪਹਿਲਾਂ ਇਸ ਪ੍ਰਯੋਗ ਨੂੰ ਕਰਨ ਲਈ ਇੱਕ ਪਰਖਨਲੀ ਲਓ ਅਤੇ ਉਸ ਵਿਚ 10 ਮਿਲੀਲੀਟਰ ਘੋਲ ਪਾਓ ਅਤੇ ਸਟੈਂਡ 'ਤੇ ਰੱਖ ਦਿਓ ਅਤੇ ਇਸ ਪਰਖਨਲੀ ਵਿਚ 2-3 ਤੁਬਕੇ ਯੂਨੀਵਰਸਲ ਇੰਡੀਕੇਟਰ ਦੇ ਪਾਓ ਅਤੇ ਘੋਲ ਵਿਚ ਬਣਦਾ ਰੰਗ ਦੇਖੋ ਅਤੇ ਯੂਨੀਵਰਸਲ ਇੰਡੀਕੇਟਰ ਦੀ ਬੋਤਲ ਤੇ ਬਣੀ ਸਕੇਲ ਦੇ ਰੰਗਾਂ ਨਾਲ ਰੰਗ ਦਾ ਮਿਲਾਣ ਕਰੋ ਅਤੇ ਉਸ ਰੰਗ ਤੇ ਲਿਖੀ ਪੀ-ਐਚ ਕੀਮਤ ਨੂੰ ਨੋਟ ਕਰੋ। ਇਨ੍ਹਾਂ ਦੋਹੇ ਤਰੀਕਿਆਂ ਵਿਚੋਂ ਇੱਕ ਤਰੀਕਾ ਪੀ-ਐਚ ਪਤਾ ਕਰਨ ਲਈ ਅਪਣਾ ਸਕਦੇ ਹਾਂ।

## ਪੁਸਤਕਾਂ ਦਾ ਸਾਡੇ ਜੀਵਨ ਵਿੱਚ ਮਹੱਤਵ ਅਤੇ ਸਥਾਨ

ਸਾਲ 2000 ਵਿੱਚ ਮੇਰੀ ਬਦਲੀ ਹਾਈ ਸਕੂਲ ਵਿੱਚ ਹੋ ਗਈ। ਮੈਂ ਡਿਊਟੀ 'ਤੇ ਹਾਜ਼ਰ ਹੋ ਗਿਆ। ਦੂਜੇ ਦਿਨ ਮੈਂ ਮੁੱਖ ਅਧਿਆਪਕ ਨੂੰ ਆਖਿਆ ਕਿ ਮੈਨੂੰ ਲਾਇਬਰੇਰੀ ਦਾ ਚਾਰਜ ਦੇ ਦਿਓ। ਮੁੱਖ ਅਧਿਆਪਕ ਨੇ ਅਲਮਾਰੀ ਵਿੱਚੋਂ ਸਟਾਕ ਰਜਿਸਟਰ ਤੇ ਚਾਬੀਆਂ ਮੈਨੂੰ ਫੜ੍ਹਾਈਆਂ ਤੇ ਆਖਿਆ, "ਗਿਆਨੀ ਜੀ ਔਹ ਲਓ ਰਜਿਸਟਰ ਤੇ ਚਾਬੀਆਂ। ਤਿੰਨ ਅਲਮਾਰੀਆਂ ਕਿਤਾਬਾਂ ਦੀਆਂ ਭਰੀਆਂ ਪਈਆਂ ਹਨ। ਤੁਸੀਂ ਘਬਰਾਓ ਨਾ ਪਿਛਲੇ ਪੰਜ ਸਾਲ ਤੋਂ ਕਿਸੇ ਨੇ ਕੋਈ ਅਲਮਾਰੀ ਨਹੀਂ ਖੋਲ੍ਹੀ ਕਿਤਾਬਾਂ ਸਾਰੀਆਂ ਪੂਰੀਆਂ ਹੋਣਗੀਆਂ। ਮੈਨੂੰ ਬੜੀ ਹੈਰਾਨੀ ਹੋਈ। ਇਹ ਕਿੰਦਾਂ ਦਾ ਸਕੂਲ ਹੈ ਜਿੱਥੇ ਅਧਿਆਪਕਾਂ ਤੇ ਵਿਦਿਆਰਥੀਆਂ ਨੂੰ ਕਿਤਾਬਾਂ ਪੜ੍ਹਨ ਦਾ ਕੋਈ ਸ਼ੌਕ ਨਹੀਂ। ਮੈਂ ਜਾ ਕੇ ਤਿੰਨ ਅਲਮਾਰੀਆਂ ਦੇ ਜਿੰਦਰਿਆਂ ਵਿੱਚ ਚਾਬੀ ਘੁੰਮਾਈ, ਕੋਈ ਵੀ ਜਿੰਦਰਾ ਨਾ ਖੁੱਲ੍ਹਿਆ। ਮੁੱਖ ਅਧਿਆਪਕ ਤੋਂ ਪੁੱਛ ਕੇ ਮੈਂ ਤਿੰਨੇ ਜਿੰਦਰੇ ਤੋੜ ਦਿੱਤੇ। ਮਈ ਦਾ ਮਹੀਨਾ ਸੀ। ਮੈਂ ਕੁਝ ਵਿਦਿਆਰਥੀਆਂ ਨੂੰ ਆਖਿਆ ਕਿ ਸਾਰੀਆਂ ਕਿਤਾਬਾਂ ਗਰਾਊਂਡ ਵਿੱਚ ਖਿਲਾਰ ਦਿਓ। ਕਿਤਾਬਾਂ ਨੂੰ ਸਾਰਾ ਦਿਨ ਧੁੱਪ ਲੱਗਦੀ ਰਹੀ। ਆਖਰੀ ਪੀਰੀਅਡ ਕਿਤਾਬਾਂ ਅੰਦਰ ਰੱਖਵਾ ਲਈਆਂ। ਜੋ ਕਿਤਾਬਾਂ ਖਰਾਬ ਸਨ ਸਿਊਂਕ ਦੀਆਂ ਖਾਧੀਆਂ ਹੋਈਆਂ ਸਨ, ਉਨ੍ਹਾਂ ਨੂੰ ਸਾੜ ਦਿੱਤਾ। ਕੁਝ ਅਧਿਆਪਕਾਂ ਨੂੰ ਮੇਰਾ ਇਹ ਕੰਮ ਬੜਾ ਅਜੀਬ ਲੱਗਾ। ਸਾਰੀਆਂ ਕਿਤਾਬਾਂ ਉੱਤੇ ਮੈਂ ਸਲਿੱਪਾਂ ਲਗਾ ਦਿੱਤੀਆਂ ਤੇ ਆਪਣੇ ਹਿਸਾਬ ਨਾਲ ਅਲਮਾਰੀਆਂ ਵਿੱਚ ਟਿਕਾ ਦਿੱਤੀਆਂ। ਸਵੇਰ ਦੀ ਸਭਾ ਵਿੱਚ ਵਿਦਿਆਰਥੀਆਂ ਨੂੰ ਆਖਿਆ, ਕਿ ਉਹ ਪੜ੍ਹਨ ਲਈ ਅੱਧੀ ਛੁੱਟੀ ਵੇਲੇ ਮੇਰੇ ਕੋਲੋਂ ਕਿਤਾਬਾਂ ਲੈ ਸਕਦੇ ਹਨ ਤੇ ਘਰ ਵੀ ਲਿਜਾ ਸਕਦੇ ਹਨ। ਹੌਲੀ-ਹੌਲੀ ਵਿਦਿਆਰਥੀ ਕਿਤਾਬਾਂ ਮੰਗਣ ਲੱਗ ਪਏ। ਹੁਣ ਅੱਧੀ ਛੁੱਟੀ ਵੇਲੇ ਕਾਫੀ ਵਿਦਿਆਰਥੀ ਕਿਤਾਬਾਂ ਲੈਣ ਆ ਜਾਂਦੇ। ਕੁਝ ਅਧਿਆਪਕਾਂ ਨੂੰ ਇਹ ਚੰਗਾ ਨਾ ਲੱਗਦਾ। ਆਖਰ ਇਕ ਦਿਨ ਮੁੱਖ ਅਧਿਆਪਕ ਬੋਲ ਹੀ ਪਏ, "ਗਿਆਨੀ ਜੀ ! ਤੁਸੀਂ ਇਹ ਕੀ ਨਵਾਂ ਪੰਗਾ ਪਾ ਲਿਆ, ਅੱਧੀ ਛੁੱਟੀ ਵੀ ਨਿਆਣੇ ਖਰਾਬ ਕਰ ਦਿੰਦੇ ਨੇ।" ਮੈਂ ਸਿਰਫ਼ ਹੱਸ ਕੇ ਗੱਲ ਟਾਲ ਦਿੱਤੀ। ਮੈਂ ਨੋਟ ਕੀਤਾ ਕਿ ਕਿਤਾਬਾਂ ਜ਼ਿਆਦਾ ਲੜਕੀਆਂ ਹੀ ਲੈਣ ਆਉਂਦੀਆਂ ਸਨ। ਹੁਣ ਸਾਡੀ ਸਵੇਰ ਦੀ ਸਭਾ ਕੁਝ ਦਿਲਚਸਪ ਹੋ ਗਈ ਸੀ। ਵਿਦਿਆਰਥੀ ਕਵਿਤਾਵਾਂ ਜਾਂ ਅੱਜ ਦਾ ਵਿਚਾਰ ਬੜੇ ਵਧੀਆ ਢੰਗ ਨਾਲ ਸੁਣਾਉਂਦੇ। ਇਹ ਸਾਰਾ ਕਿਤਾਬਾਂ ਦਾ ਅਸਰ ਸੀ। ਸਕੂਲ ਵਿੱਚ ਅਖ਼ਬਾਰਾਂ ਆਉਂਦੀਆਂ ਸਨ ਪਰ ਪੜ੍ਹਨ ਤੋਂ ਬਾਅਦ ਕੋਈ ਰੱਦੀ ਨਹੀਂ ਸੰਭਾਲਦਾ ਸੀ। ਹੌਲੀ-ਹੌਲੀ ਪੰਜ ਸਾਲ ਲੰਘ ਗਏ। ਮੈਂ ਮਹਿਸੂਸ ਕੀਤਾ ਵਿਦਿਆਰਥੀਆਂ ਵਿੱਚ ਕਾਫੀ ਬਦਲਾਅ ਆ ਗਿਆ ਸੀ। ਇੱਕ ਦਿਨ ਅੱਧੀ ਛੁੱਟੀ ਵੇਲੇ ਅਸੀਂ ਸਾਰੇ ਅਧਿਆਪਕ ਚਾਹ ਪੀ ਰਹੇ ਸੀ। ਇਕ ਸਰਦਾਰ ਜੀ ਆ ਗਏ। ਕੁਝ ਦੇਰ ਉਨ੍ਹਾਂ ਸਕੂਲ ਬਾਰੇ ਗੱਲਾਂ ਕੀਤੀਆਂ। ਫਿਰ ਉਨ੍ਹਾਂ ਜੇਬ ਵਿੱਚੋਂ ਕੁੱਝ ਰੁਪਏ ਕੱਢੇ, "ਮਾਸਟਰ ਜੀ ! ਮੇਰੀ ਕੁੜੀ ਬਲਵਿੰਦਰ ਇੱਥੇ ਪੜ੍ਹਦੀ ਸੀ। ਹੁਣ ਉਸ ਦਾ ਵਿਆਹ ਹੋ ਗਿਆ, ਉਹ ਕੈਨੇਡਾ ਚਲੀ ਗਈ। ਆਹ ਦਸ ਹਜ਼ਾਰ ਰੁਪਿਆ ਉਸ ਨੇ ਭੇਜਿਆ ਤੇ ਆਖਿਆ ਗਿਆਨੀ ਜੀ ਨੂੰ ਕਹਿਣਾ ਕਿ ਲਾਇਬਰੇਰੀ ਵਿੱਚ ਨਵੀਆਂ ਕਿਤਾਬਾਂ ਲਿਆ ਕੇ ਰੱਖਣ। ਮੁੱਖ ਅਧਿਆਪਕ ਨੇ ਹੈਰਾਨੀ ਨਾਲ ਮੇਰੇ ਵੱਲ ਦੇਖਿਆ ਤੇ ਸਰਦਾਰ ਜੀ ਨੂੰ ਆਖਿਆ ਕਿ ਪੈਸੇ ਗਿਆਨੀ ਜੀ ਨੂੰ ਫੜ੍ਹਾ ਦਿਓ। ਦੂਜੇ ਦਿਨ ਮੈਂ ਆਪਣੇ ਇਕ ਹੋਰ ਅਧਿਆਪਕ ਸਾਥੀ ਨੂੰ ਨਾਲ ਲਿਆ ਤੇ ਚੰਡੀਗੜ੍ਹ ਕਿਤਾਬਾਂ ਖਰੀਦਣ ਪਹੁੰਚ ਗਏ। ਅਸੀਂ ਸਾਢੇ ਸੱਤ ਹਜ਼ਾਰ ਦੀਆਂ ਕਿਤਾਬਾਂ ਖਰੀਦੀਆਂ ਪਰ ਦੁੱਖ ਇਸ ਗੱਲ ਦਾ ਹੋਇਆ ਕਿ ਬੱਚਿਆਂ ਦੇ ਪੱਧਰ ਦੀਆਂ ਸਾਨੂੰ ਬੜੀਆਂ ਘੱਟ ਕਿਤਾਬਾਂ ਮਿਲੀਆਂ। ਵਾਪਸ ਆ ਕੇ ਅਸੀਂ ਢਾਈ ਹਜ਼ਾਰ ਦੀ ਇਕ ਨਵੀਂ ਅਲਮਾਰੀ ਖਰੀਦ ਲਈ। ਨਵੀਆਂ ਕਿਤਾਬਾਂ ਆਉਣ ਨਾਲ ਵਿਦਿਆਰਥੀਆਂ ਵਿੱਚ ਕਿਤਾਬਾਂ ਪੜ੍ਹਨ ਦਾ ਉਤਸ਼ਾਹ ਵੱਧ ਗਿਆ। ਸਾਡੇ ਵਿਦਿਆਰਥੀ ਭਾਸ਼ਣ ਮੁਕਾਬਲਿਆਂ ਵਿੱਚ ਜਾਣ ਲੱਗੇ ਅਤੇ ਇਨਾਮ ਵੀ ਜਿੱਤਣ ਲੱਗ ਪਏ।

ਹੁਣ ਸਾਰੇ ਅਧਿਆਪਕ ਵੀ ਖੁਸ਼ ਸਨ। ਕੁੱਝ ਅਧਿਆਪਕ ਮੇਰੇ ਕੋਲੋਂ ਕਿਤਾਬਾਂ ਮੰਗਣ ਲੱਗ ਪਏ। ਅਸੀਂ ਕੁਝ ਰਸਾਲੇ ਲਵਾ ਲਏ। ਸਕੂਲ ਵਿੱਚ ਤਿੰਨ ਅਖ਼ਬਾਰਾਂ ਆਉਣ ਲੱਗ ਪਈਆਂ। ਅਖ਼ਬਾਰਾਂ ਪੜ੍ਹਨ ਤੋਂ ਬਾਅਦ ਹੁਣ ਵਿਦਿਆਰਥੀ ਰੱਦੀ ਵੀ ਸੰਭਾਲ ਲੈਂਦੇ। ਸਾਡੀ ਰੱਦੀ ਸੈਂਕੜਿਆਂ ਵਿੱਚ ਵਿਕਣ ਲੱਗੀ। ਇਕ ਦਿਨ ਅਸੀਂ ਸਾਰੇ ਅਧਿਆਪਕ ਅੱਧੀ ਛੁੱਟੀ ਵੇਲੇ ਚਾਹ ਪੀ ਰਹੇ ਸੀ, ਕਮਰੇ ਦੇ ਬਾਹਰ ਖੜ੍ਹੇ ਕੁਝ ਵਿਦਿਆਰਥੀ ਘੁਸਰ-ਮੁਸਰ ਕਰ ਰਹੇ ਸਨ। "ਸਰ ਕਿਤਾਬਾਂ ਲੈਣੀਆਂ ਸੀ।" ਮੇਰੇ ਬੋਲਣ ਤੋਂ ਪਹਿਲਾਂ ਹੀ ਮੁੱਖ ਅਧਿਆਪਕ ਬੋਲ ਪਏ, "ਗਿਆਨੀ ਹੁਰਾਂ ਨੂੰ ਚਾਹ ਤਾਂ ਪੀ ਲੈਣ ਦਿਓ, ਹੁਣੇ ਦਿੰਦੇ ਨੇ।" ਫੇਰ ਉਹ ਕਹਿਣ ਲੱਗੇ, "ਗਿਆਨੀ ਜੀ ! ਮੈਨੂੰ ਲੱਗਦੈ ਹੁਣ ਲਾਇਬਰੇਰੀ ਲਈ ਵੱਖਰਾ ਕਮਰਾ ਬਣਾਉਣਾ ਪਊ।" ਮੈਂ ਮੁਸਕਰਾ ਪਿਆ, "ਸਰ ! ਦੇਖੀ ਜਾਓ। ਅਜੇ ਤਾਂ ਕਿਤਾਬਾਂ ਨੇ ਹੋਰ ਕਈ ਕਮਾਲ ਕਰਨੇ ਨੇ।"

-ਅਵਤਾਰ ਸਿਘ ਸੰਧੂ

Scanned with CamScanner

(ਕਹਾਣੀ)

# ਜਿੰਮੀ ਤੇ ਸਿੰਮੀ

-ਭਵਨਦੀਪ ਸਿੰਘ ਪੁਰਬਾ

ਮੇਰੇ ਪਿਤਾ ਜੀ ਇਕ ਦਿਨ ਪਿੰਡ ਗਏ । ਪਿੰਡੋਂ ਵਾਪਸ ਆਉਂਦੇ ਹੋਏ ਉਹ ਪਿੰਡੋਂ ਇਕ ਕੁੱਤੇ ਦਾ ਬੱਚਾ ਲੈ ਆਏ। ਉਹ ਬਿਲਕੁਲ ਛੋਟਾ ਸੀ। ਉਸ ਦੀਆਂ ਹਾਲੇ ਅੱਖਾਂ ਵੀ ਨਹੀਂ ਖੁੱਲੀਆਂ ਸਨ। ਮੈਨੂੰ ਉਹ ਕਤੂਰੀ ਵੇਖ ਕੇ ਬਹੁਤ ਖੁਸ਼ੀ ਹੋਈ। ਮੇਰੇ ਪਿਤਾ ਜੀ ਨੇ ਇਹ ਕਤੂਰੀ ਮੈਨੂੰ 18 ਵੇਂ ਜਨਮ ਦਿਨ ਤੇ ਸੁਗਾਤ ਵਜੋਂ ਲਿਆ ਕੇ ਦਿੱਤੀ ਸੀ। ਮੈਂ ਉਸ ਕਤੂਰੀ ਨੂੰ ਸ਼ੀਸ਼ੀ ਨਾਲ ਦੁੱਧ ਪਿਆਉਂਦਾ । ਰਾਤ ਨੂੰ ਵੀ ਆਪਣੇ ਨਾਲ ਹੀ ਪਾ ਲੈਂਦਾ ਸੀ। ਕੁਝ ਦਿਨ ਬਾਅਦ ਉਸ ਦੀਆਂ ਅੱਖਾਂ ਖੁੱਲੀਆਂ। ਉਹ ਥੋੜੀ ਵੱਡੀ ਹੋ ਗਈ। ਅਸੀਂ ਉਸ ਕਤੂਰੀ ਦਾ ਨਾਮ ਜਿੰਮੀ ਰੱਖਿਆ। ਜਿੰਮੀ ਨੂੰ ਸਾਡੇ ਘਰ ਵਿਚ ਆ ਕੇ ਹੀ ਸੁਰਤ ਆਈ। ਇਸ ਕਰਕੇ ਹੀ ਉਹ ਸਾਡੀ ਬੋਲੀ ਸਮਝਣ ਲੱਗ ਪਈ ਸੀ। ਜਿੰਮੀ ਹਮੇਸ਼ਾ ਮੇਰੇ ਹੱਥੋਂ ਹੀ ਰੋਟੀ ਖਾ ਕੇ ਖੁਸ਼ ਹੁੰਦੀ ਸੀ। ਜੇ ਮੈਂ ਬਾਹਰ ਅੰਦਰ ਗਿਆ ਲੇਟ ਹੋ ਜਾਂਦਾ ਸੀ ਤਾਂ ਜਿੰਮੀ ਮੇਰੇ ਆਉਣ ਤੱਕ ਰੋਟੀ ਨਾਂ ਖਾਂਦੀ।

ਇਸੇ ਤਰਾਂ ਦੋ ਤਿੰਨ ਸਾਲ ਬੀਤ ਗਏ। ਜਿੰਮੀ ਵੱਡੀ ਕੁੱਤੀ ਬਣ ਚੁੱਕੀ ਸੀ। ਮੈਂ ਆਪਣਾ ਬਿਜਨੈਸ ਸ਼ੁਰੂ ਕਰ ਲਿਆ ਸੀ। ਮੇਰਾ ਬਿਜਨੈਸ ਕੁਝ ਅਜਿਹਾ ਸੀ ਕਿ ਮੈਨੂੰ ਕਦੇ-ਕਦੇ ਬਹੁਤ ਜਿਆਦਾ ਹਨੇਰਾ ਹੋ ਜਾਂਦਾ ਸੀ। ਜਿੰਨਾਂ ਚਿਰ ਮੈਂ ਘਰ ਵਾਪਸ ਨਾ ਆਉਂਦਾ ਜਿੰਮੀ ਗੇਟ ਵਿਚ ਬੈਠੀ ਮੈਨੂੰ ਉਡੀਕ ਰਹੀ ਹੁੰਦੀ ਸੀ। ਮੇਰੇ ਆਉਣ ਤੇ ਮੈਨੂੰ ਪੌਡੇ ਲਾ ਕੇ ਜਿੰਮੀ ਮੇਰੇ ਗਲ ਤੱਕ ਪਹੁੰਚ ਜਾਂਦੀ। ਮੈਂ ਜਦ ਤੱਕ ਉਸਦੇ ਸਿਰ ਤੇ ਹੱਥ ਨਾ ਫੇਰਦਾ, ਉਸਨੂੰ ਪਿਆਰ ਨਾ ਕਰਦਾ ਉਹ ਮੇਰੇ ਅੱਗੇ-ਪਿੱਛੇ ਫਿਰਦੀ ਰਹਿੰਦੀ। ਕਦੇ ਰਸੋਈ ਵਿਚ ਜਾਂਦੀ, ਕਦੇ ਫਰਿਜ਼ ਵੱਲ। ਜਿਵੇਂ ਮੇਰੇ ਵਾਸਤੇ ਪਾਣੀ ਲੈ ਕੇ ਆਉਣਾ ਹੋਵੇ। ਮੈਨੂੰ ਜਿੰਮੀ ਦਾ ਏਨਾ ਪਿਆਰ ਆਉਣ ਲੱਗ ਪਿਆ ਸੀ ਕਿ ਮੈਂ ਉਸ ਬਿਨਾਂ ਰਹਿ ਨਹੀਂ ਸੀ ਸਕਦਾ।

ਮੈਂ ਆਪਣੇ ਮੰਮੀ ਪਾਪਾ ਨਾਲ ਰਿਸ਼ਤੇਦਾਰੀ ਵਿਚ ਕਿਸੇ ਵਿਆਹ ਤੇ ਗਿਆ। ਉੱਥੇ ਮੇਰੀ ਮੁਲਾਕਾਤ ਇਕ ਕੁੜੀ ਨਾਲ ਕਰਵਾਈ ਗਈ, ਜਿਸ ਦਾ ਨਾਮ ਸਿੰਮੀ ਸੀ। ਮੇਰੇ ਮੰਮੀ ਪਾਪਾ ਮੈਨੂੰ ਬਹਾਨੇ ਨਾਲ ਕੁੜੀ ਦਿਖਾਉਣ ਲੈ ਕੇ ਗਏ ਸਨ। ਮੈਂ ਸਿੰਮੀ ਨਾਲ ਨਾ ਵਿਆਹ ਕਰਵਾਉਣ ਲਈ ਕਈ ਬਹਾਨੇ ਬਣਾਏ। ਪਰ ਮੇਰੀ ਕੋਈ ਪੇਸ਼ ਨਾ ਚੱਲੀ। ਮੈਨੂੰ ਨਾ ਚਾਹੁੰਦੇ ਹੋਏ ਵੀ ਵਿਆਹ ਵਾਸਤੇ ਹਾਂ ਕਰਨੀ ਪਈ। ਮੈਂ ਆਪਣੇ ਮੰਮੀ ਪਾਪਾ ਨੂੰ ਦੁਖੀ ਨਹੀਂ ਦੇਖ ਸਕਦਾ ਸੀ ਇਸ ਲਈ ਮੈਂ ਘਰਦਿਆਂ ਦੀ ਮਰਜੀ ਨਾਲ ਵਿਆਹ ਕਰਵਾਉਣ ਲਈ ਹਾਂ ਕਰ ਦਿੱਤੀ। ਕੁਝ ਸਮੇਂ ਬਾਅਦ ਮੇਰਾ ਸਿੰਮੀ ਨਾਲ ਵਿਆਹ ਕਰ ਦਿੱਤੀ ਗਿਆ। ਵਿਆਹ ਦੀ ਪਹਿਲੀ ਰਾਤ ਮੈਂ ਉਸਨੂੰ ਆਪਣੇ ਪਰਿਵਾਰ ਦੇ ਮੈਂਬਰਾਂ ਬਾਰੇ ਦੱਸਿਆ। ਮੈਂ ਉਸਨੂੰ ਇਹ ਵੀ ਦੱਸਿਆ ਕਿ ਸਾਡੇ ਘਰ ਇਕ ਜਿੰਮੀ ਹੈ ਜਿਸ ਨੂੰ ਮੈਂ ਬਹੁਤ ਪਿਆਰ ਕਰਦਾ ਹਾਂ। ਸਿੰਮੀ ਨੂੰ ਜਿੰਮੀ ਦਾ ਨਾਮ ਸੁਣਦੇ ਸਾਰ ਹੀ ਜਿਵੇਂ ਉਸ ਨਾਲ ਨਫ਼ਰਤ ਹੋ ਗਈ ਹੋਵੇ, ਉਸਨੇ ਥੋੜਾ ਖਿਝ ਕੇ ਕਿਹਾ "ਜਿੰਮੀ ਕੌਣ ਹੈ?"

"ਸਾਡੀ ਕੁੱਤੀ ਹੈ।"

'ਮੈਨੂੰ ਕੁੱਤਿਆਂ ਤੋਂ ਬਹੁਤ ਨਫ਼ਤਰ ਹੈ?'

'ਅਸੀਂ ਉਸਨੂੰ ਕਦੇ ਕੁੱਤਾ ਨਹੀਂ ਸਮਝਿਆ, ਉਹ ਸਾਡੇ ਪਰਿਵਾਰ ਦੇ ਮੈਂਬਰ ਵਾਂਗ ਹੈ।'

'ਹੈ ਤਾਂ ਕੁੱਤੀ ਹੀ।'

'ਚੱਲ ਛੱਡ ਐਵੇਂ ਆਪਾਂ ਲੜਾਂਗੇ।'

'ਤੂੰ ਕੁੱਤੇ ਦੀ ਖਾਤਰ ਮੇਰੇ ਨਾਲ ਲੜੇਗਾ।'

'ਅੱਛਾ ਬਾਬਾ! ਸੌਰੀ ਨਹੀਂ ਲੜਦਾ।'


ਅਗਲੇ ਦਿਨ ਸਵੇਰੇ ਸਿੰਮੀ ਨੇ ਸਾਰਿਆਂ ਨੂੰ ਪਿਆਰ ਸਤਿਕਾਰ ਨਾਲ ਬੁਲਾਇਆ। ਜਿੰਮੀ ਸਿੰਮੀ ਦੇ ਕੋਲ ਆ ਗਈ। ਸਿੰਮੀ ਉਸ ਨੂੰ ਦੇਖਦੇ ਸਾਰ ਹੀ ਲਾਲ ਪੀਲੀ ਹੋ ਗਈ। ਮੈਂ ਜਿੰਮੀ ਵੱਲ ਦੇਖਿਆ। ਜਿੰਮੀ ਚੁੱਪ ਕਰਕੇ ਪਿੱਛੇ ਮੁੜ ਗਈ ਅਤੇ ਬਾਹਰ ਵਿਹੜੇ ਵਿਚ ਜਾ ਕੇ ਬੈਠ ਗਈ। ਜਿੰਮੀ ਪਿੱਛੇ ਮੁੜ-ਮੁੜ ਕੇ ਦੇਖ ਰਹੀ ਸੀ ਕਿ ਮੈਂ ਉਸਨੂੰ ਲਾਡ ਕਰਨ ਅਤੇ ਉਸਨੂੰ ਮਨਾਉਣ ਜਾਵਾਂਗਾ ਪਰ ਮੈਂ ਨਹੀਂ ਗਿਆ। ਜਿੰਮੀ ਦੀਆਂ ਅੱਖਾਂ ਵਿਚ ਹੰਝੂ ਆ ਗਏ ਸਨ। ਮੈਨੂੰ ਇਹ ਬਿਲਕੁਲ ਚੰਗਾ ਨਹੀਂ ਲੱਗਾ। ਮੇਰੇ ਦਿਲ ਕਰ ਰਿਹਾ ਸੀ ਕਿ ਮੈਂ ਜਾ ਕੇ ਜਿੰਮੀ ਦੇ ਗਲ ਨੂੰ ਚਿੱਬੜ ਜਾਵਾਂ। ਪਰ ਮੈਂ ਸੋਚਿਆ ਕਿ ਮੇਰੇ ਜਿੰਮੀ ਦੇ ਕੋਲ ਜਾਣ ਨਾਲ ਸਿੰਮੀ ਗੁੱਸਾ ਕਰੇਗੀ। ਸਿੰਮੀ ਦੀ ਨਫਰਤ ਜਿੰਮੀ ਪ੍ਰਤੀ ਹੋਰ ਵੱਧ ਜਾਵੇਗੀ। ਇਸ ਲਈ ਮੈਂ ਨਹੀਂ ਗਿਆ।

ਕੁਝ ਦਿਨ ਬੀਤ ਗਏ। ਸਿੰਮੀ ਰਸੋਈ ਦਾ ਕੰਮ ਕਰਨ ਲੱਗ ਗਈ ਪਈ ਸੀ। ਮੈਨੂੰ ਬਿਜਨੈਸ ਦੇ ਕੰਮ ਵਿਚ ਬਾਹਰ ਜਾਣਾ ਪੈ ਗਿਆ। ਮੈਂ ਸਿੰਮੀ ਨੂੰ ਕਹਿ ਦਿੱਤਾ ਕਿ ਜਿੰਮੀ ਨੂੰ ਰੋਟੀ ਪਾ ਦੇਵੇ, ਜਿੰਨੇ ਦਿਨ ਮੈਂ ਬਾਹਰ ਰਿਹਾ। ਸਿੰਮੀ ਨੇ ਜਿੰਮੀ ਨੂੰ ਰੋਟੀ ਨਹੀਂ ਪਾਈ। ਜਿੰਮੀ ਕਈ ਦਿਨ ਭੁੱਖੀ ਰਹੀ। ਜਦ ਮੈਂ ਵਾਪਸ ਆਇਆ ਤਾਂ ਜਿੰਮੀ ਮੇਰੀਆਂ ਲੱਤਾਂ ਨੂੰ ਚੁੰਬੜ ਗਈ। ਮੈਂ ਜਿੰਮੀ ਨੂੰ ਦੇਖਦੇ ਸਾਰ ਹੀ ਸਮਝ ਗਿਆ ਕਿ ਜਿੰਮੀ ਭੁੱਖੀ ਹੈ। ਪਹਿਲਾਂ ਜਦੋਂ ਜਿੰਮੀ ਨੂੰ ਭੁੱਖ ਲੱਗਦੀ ਸੀ ਤਾਂ ਉਹ ਉੱਚੀ-ਉੱਚੀ ਚੂੰ-ਚੂੰ ਕਰਨ ਲੱਗ ਪੈਂਦੀ ਸੀ। ਹੁਣ ਉਸਨੇ ਹੋਲੀ-ਹੋਲੀ ਚੂੰ-ਚੂੰ ਕੀਤੀ। ਮੈਂ ਰੋਟੀ ਲਿਆ ਕਿ ਜਿੰਮੀ ਨੂੰ ਪਾ ਦਿੱਤੀ। ਮੈਂ ਜਿੰਮੀ ਦੇ ਸਿਰ ਤੇ ਹੱਥ ਫੇਰਿਆ ਤਾਂ ਉਹ ਇਸ ਤਰਾਂ ਮੇਰੇ ਵੱਲ ਝਾਕੀ ਕਿ ਉਸ ਦੀਆਂ ਅੱਖਾਂ ਵੱਲ ਦੇਖ ਕਿ ਮੈਨੂੰ ਇੰਝ ਲੱਗਿਆ ਕਿ ਜਿਵੇਂ ਜਿੰਮੀ ਮੈਨੂੰ ਕਹਿ ਰਹੀ ਹੋਵੇ ਕਿ ਤੂੰ ਆਪਣੇ ਨਾਲ ਤਾਂ ਨਾ-ਇਨਸਾਫੀ ਕੀਤੀ ਹੈ ਤੂੰ ਮੇਰੇ ਨਾਲ ਵੀ ਨਾ ਇਨਸਾਫੀ ਕੀਤੀ ਹੈ। ਜਿੰਮੀ ਜਦੋਂ ਵੀ ਸਿੰਮੀ ਨੂੰ ਦੇਖ ਲੈਂਦੀ ਸੀ ਤਾਂ ਆਪਣੇ ਆਪ ਨੂੰ ਉੱਠ ਕੇ ਕਿਤੇ ਹੋਰ ਚਲੀ ਜਾਂਦੀ।

ਸਿੰਮੀ ਦਾ ਵਰਤਾਓ ਮੇਰੇ ਪ੍ਰਤੀ ਵੀ ਕੋਈ ਖਾਸ ਵਧੀਆਂ ਨਹੀਂ ਸੀ। ਨਾ ਹੀ ਉਹ ਮੈਨੂੰ ਆਏ ਨੂੰ ਪਾਣੀ ਵਗੈਰਾ ਫੜਾਉਂਦੀ ਸੀ ਅਤੇ ਨਾ ਹੀ ਖਾਣਾ ਖਾਣ ਲਈ ਮੇਰੀ ਉਡੀਕ ਕਰਦੀ ਸੀ। ਮੈਨੂੰ ਲੱਗ ਰਿਹਾ ਸੀ ਕਿ ਸਿੰਮੀ ਜਿੰਮੀ ਦੇ ਕਾਰਨ ਅਜਿਹਾ ਵਰਤਾਓ ਕਰ ਰਹੀ ਹੈ, ਪਰ ਮੈਂ ਜਿੰਮੀ ਤੋਂ ਦੂਰ ਨਹੀਂ ਹੋ ਸਕਦਾ ਸੀ।

ਇਕ ਦਿਨ ਸਿੰਮੀ ਆਪਣੀ ਹੀ ਮਸਤੀ ਵਿਚ ਟੀ.ਵੀ. ਲਗਾਈ ਬੈਠੀ ਸੀ । ਦਰਵਾਜਾ ਖੁੱਲਾ ਪਿਆ ਸੀ। ਇਕ ਸੱਪ ਅੰਦਰ ਵੜ ਗਿਆ। ਸੱਪ ਸਿੰਮੀ ਵੱਲ ਵੱਧ ਰਿਹਾ ਸੀ। ਜਿੰਮੀ ਨੇ ਸੱਪ ਨੂੰ ਦੇਖ ਲਿਆ। ਜਿੰਮੀ ਭੌਂਕਦੀ ਸੱਪ ਵੱਲ ਆਈ। ਸੱਪ ਪਿੱਛੇ ਮੁੜ ਗਿਆ। ਸਿੰਮੀ ਨੇ ਸੱਪ ਨੂੰ ਤਾਂ ਦੇਖਿਆ ਨਹੀਂ ਐਵੇਂ ਰੋਲਾਂ ਪਾਉਣ ਲੱਗ ਪਈ ਕਿ ਜਿੰਮੀ ਉਸਨੂੰ ਵੱਡਣ ਆਈ। ਮੇਰੀ ਭਾਣਜੀ ਸਾਡੇ ਕੋਲ ਆਈ ਹੋਈ ਸੀ। ਉਸਨੇ ਸੱਪ ਨੂੰ ਬਾਹਰ ਨਿਕਲਦੇ ਦੇਖ ਲਿਆ ਸੀ। ਉਹ ਸਭ ਗੱਲਾਂ ਸਮਝ ਚੁੱਕੀ ਸੀ। ਮੇਰੀ ਭਾਣਜੀ ਮੇਰੇ ਵਾਪਸ ਆਉਣ ਤੋਂ ਪਹਿਲਾਂ ਹੀ ਆਪਣੇ ਸ਼ਹਿਰ ਚਲੀ ਗਈ। ਜਦੋਂ ਮੈਂ ਘਰੇ ਆਇਆ ਤਾਂ ਘਰ ਵਿਚ ਜਿੰਮੀ ਨੂੰ ਲੈ ਕੇ ਕਲੇਸ਼ ਪਿਆ ਹੋਇਆ ਸੀ। ਸਿੰਮੀ ਕਹਿ ਰਹੀ ਸੀ ਕਿ ਇਹ ਕੁੱਤੀ ਮੈਨੂੰ ਵੱਡਣ ਲੱਗੀ ਸੀ। ਇਹ ਹਮੇਸ਼ਾਂ ਹੀ ਮੈਨੂੰ ਭੌਂਕਦੀ ਹੈ। ਅੱਜ ਤਾਂ ਇਸਨੇ ਮੇਰੀ ਲੱਤ ਹੀ ਪਾੜ ਦੇਣੀ ਸੀ। ਮੈਨੂੰ ਜਿੰਮੀ ਤੋਂ ਗੁੱਸਾ ਆਇਆ। ਮੈਂ ਜਿੰਮੀ ਦੇ ਤਿੰਨ-ਚਾਰ ਸੋਟੀਆਂ ਮਾਰ ਦਿੱਤੀਆਂ। ਜਿੰਮੀ ਚੁੱਪ-ਚਾਪ ਬੈਠੀ ਰਹੀ, ਮੈਂ ਸੋਚਿਆ ਕਿ ਜਿੰਮੀ ਨੂੰ ਕਿਤੇ ਦੂਰ ਛੱਡ ਆਵਾਂ। ਇਸ ਨਾਲ ਘਰ ਦੇ ਕਲੇਸ਼ ਮੁੱਕ ਜਾਣਗੇ। ਸਵੇਰੇ ਮੈਂ ਜਿੰਮੀ ਨੂੰ ਛੱਡ ਕੇ ਆਉਣ ਲਈ ਤਿਆਰ ਹੋਇਆ ਤਾਂ ਦੇਖਿਆ ਕਿ ਜਿੰਮੀ ਘਰ ਵਿਚ ਨਹੀਂ ਸੀ। ਜਿੰਮੀ ਤੋਂ ਬਗੈਰ ਮੇਰੀ ਜਾਨ ਨਿਕਲ ਰਹੀ ਸੀ। ਮੇਰਾ ਜੀਅ ਤਾਂ ਕਰਦਾ ਸੀ ਕਿ ਮੈਂ ਜੀਅ ਭਰ ਕੇ ਰੋਵਾਂ ਪਰ ਮੈਂ ਰੋ ਵੀ ਨਹੀਂ ਸਕਦਾ ਸੀ। ਜਿੰਮੀ ਆਪਣੇ ਆਪ ਘਰੋਂ ਚਲੀ ਗਈ ਸੀ। ਘਰ ਦਾ ਕਲੇਸ਼ ਫਿਰ ਵੀ ਖ਼ਤਮ ਨਹੀਂ ਸੀ ਹੋਇਆ। ਸਿੰਮੀ ਹਮੇਸ਼ਾਂ ਇਸ ਆਕੜ ਵਿਚ ਰਹਿੰਦੀ ਸੀ ਕਿ ਮੈਂ ਜਿਆਦਾ ਪੜੀ-ਲਿਖੀ ਹਾਂ। ਸਿੰਮੀ ਦੀਆਂ ਫਰਮਾਇਸ਼ਾਂ ਵੀ ਦਿਨੋ ਦਿਨ ਵੱਧ ਰਹੀਆਂ ਸਨ। ਸਿੰਮੀ ਹਰ ਰੋਜ਼ ਬਾਹਰ ਪਾਰਟੀਆਂ ਵਗੈਰਾ ਤੇ ਜਾਂਦੀ। ਮੈਨੂੰ ਉਸਦਾ ਬੇਗਾਨੇ ਆਦਮੀਆਂ ਨਾਲ ਬਾਹਰ ਜਾਣਾ ਪਸ਼ੰਦ ਨਹੀਂ ਸੀ। ਮੈਂ ਸਿੰਮੀ ਨੂੰ ਕਿਹਾ ਕਿ ਸਿੰਮੀ ਅੱਜ ਤੋਂ ਬਾਅਦ ਤੂੰ ਸਿਰਫ਼ ਮੇਰੇ ਨਾਲ ਬਾਹਰ ਜਾਵੇਗੀ ਤਾਂ ਸਿੰਮੀ ਨੇ ਕਿਹਾ ਕਿ, 'ਔਹ ! ਸ਼ਟ ਅਪ ਬੌਬੀ। ਮੈਂ ਕੋਈ ਅਨਪੜ ਗਵਾਰ ਨਹੀਂ ਹਾਂ। ਮੇਰਾ ਆਪਣਾ ਸਟੇਟਸ ਹੈ।" ਮੈਂ ਉਸਦੇ ਇਕ ਚਪੇੜ ਮਾਰ ਦਿੱਤੀ। ਸਿੰਮੀ ਆਪਣੇ ਪਾਪਾ ਕੋਲ ਚਲੀ ਗਈ। ਉਸਨੇ ਤਲਾਕ ਦੇ ਪੇਪਰ ਤੇ ਦਸਤਖ਼ਤ ਕਰਕੇ ਮੈਨੂੰ ਭੇਜ ਦਿੱਤੇ। ਮੈਨੂੰ ਸਮਝ ਨਹੀਂ ਸੀ ਆ ਰਹੀ ਕਿ ਉਸਨੇ ਨਿੱਕੀ ਜਿਹੀ ਗੱਲ ਤੇ ਏਡਾ ਵੱਡਾ ਕਦਮ ਕਿਉਂ ਚੁੱਕਿਆ।

ਸ਼ਾਮ ਨੂੰ ਮੇਰੀ ਭਾਣਜੀ ਮੇਰੇ ਘਰ ਆਈ। ਉਸਨੇ ਆ ਕੇ ਮੈਨੂੰ ਕਿਹਾ ਕਿ, "ਮਾਮਾ ਜੀ ਆਪਣੀ ਜਿੰਮੀ ਕਿੱਥੇ ਆ? ਆਪਣੀ ਜਿੰਮੀ ਬਹੁਤ ਸਿਆਣੀ ਆ। ਉਸ ਦਿਨ ਸੱਪ ਮਾਮੀ ਜੀ ਨੂੰ ਡੰਗਣ ਲੱਗਾ ਤਾਂ ਜਿੰਮੀ ਨੇ ਭਜਾ ਦਿੱਤਾ।" ਮੈਂ ਆਪਣੀ ਭਾਣਜੀ ਦੀ ਗੱਲ ਸੁਣ ਕੇ ਹੈਰਾਨ ਰਹਿ ਗਿਆ। ਮੈਨੂੰ ਆਪਣੇ ਕੀਤੇ ਤੇ ਪਛਤਾਵਾ ਹੋ ਰਿਹਾ ਸੀ। ਮੈਂ ਸਾਰੀ ਰਾਤ ਰੋਂਦਾ ਜਿੰਮੀ ਨੂੰ ਯਾਦ ਕਰਦਾ ਰਿਹਾ। ਮੈਨੂੰ ਹੁਣ ਜਿੰਮੀ ਤੇ ਸਿੰਮੀ ਦੇ ਅੰਤਰ ਸਾਫ-ਸਾਫ ਸਪਸ਼ਟ ਦਿਖਾਈ ਦੇ ਰਹੇ ਸਨ। ਜਿੰਮੀ ਜਾਨਵਰ ਹੋ ਕੇ ਵੀ ਕਿੰਨੀ ਸਿਆਣੀ ਅਤੇ ਸਮਝਦਾਰ ਹੈ ਅਤੇ ਸਿੰਮੀ ਇਨਸਾਨ ਹੋ ਕੇ ਵੀ ਇਨਸਾਨੀਅਤ ਤੋਂ ਖਾਲੀ ਹੈ। ਮੈਂ ਜਾਗਦੇ ਨੇ ਰਾਤ ਕੱਟੀ। ਸਵੇਰੇ ਚਾਰ ਵਜੇ ਹੀ ਮੈਂ ਤਲਾਕ ਦੇ ਪੇਪਰਾਂ ਤੇ ਦਸ਼ਤਖਤ ਕਰਕੇ ਹੀ ਜਿੰਮੀ ਨੂੰ ਲੱਭਣ ਲਈ ਬਾਹਰ ਜਾਣ ਲੱਗਾ ਸੀ। ਮੈਂ ਬਾਹਰਲਾ ਗੇਟ ਖੋਲਿਆ, ਗੇਟ ਵਿਚ ਜਿੰਮੀ ਬੈਠੀ ਸੀ। ਉਸਦੀਆਂ ਅੱਖਾਂ ਵਿਚ ਅੱਥਰੂ ਵੱਗ ਰਹੇ ਸਨ। ਮੈਂ ਜਿੰਮੀ ਨੂੰ ਦੇਖ ਕੇ ਖੁਸ਼ੀ ਵਿਚ ਟੱਪ ਉੱਠਿਆ। ਮੈਂ ਜਿੰਮੀ ਨੂੰ ਆਪਣੇ ਗਲ ਨਾਲ ਲਾ ਲਿਆ ਅਤੇ ਉਸਨੂੰ ਚੁੱਕ ਕੇ ਅੰਦਰ ਲੈ ਗਿਆ। ਹੁਣ ਜਿੰਮੀ ਪਹਿਲਾਂ ਵਰਗੀ ਖੁਸ਼ ਨਜ਼ਰ ਆਉਣ ਲੱਗ ਪਈ ਸੀ।



ਦੇਸ਼ਾਂ-ਵਿਦੇਸ਼ਾਂ ਵਿਚ ਵਸਦੀ ਸਮੂੰਹ ਸਾਧ-ਸੰਗਤ ਜੀ ਨੂੰ ਸ੍ਰੀ ਗੁਰੂ ਨਾਨਕ ਸਾਹਿਬ ਜੀ ਦੇ ਪ੍ਰਕਾਸ਼ ਪੁਰਬ ਅਤੇ ਖੁਸ਼ੀਆਂ ਦੇ ਤਿਉਹਾਰ ਦੀਵਾਲੀ ਦੀਆਂ ਲੱਖ-ਲੱਖ ਮੁਬਾਰਕਾਂ!
ਗੁਰਦੁਆਰਾ ਸੰਤ ਬਾਬਾ ਹੀਰਾ ਸਿੰਘ ਜੀ
ਤਪ ਅਸਥਾਨ ਬਾਬਾ ਹੀਰਾ ਸਿੰਘ ਜੀ ਪਿੰਡ ਖੁਖਰਾਣਾ (ਜ਼ਿਲ੍ਹਾ ਮੋਗਾ) ਪੰਜਾਬ
ਇਸ ਪਵਿੱਤਰ ਅਸਥਾਨ ਤੇ ਸੰਗਰਾਂਦ ਦਾ ਦਿਹਾੜਾ ਮਨਾਇਆ ਜਾਂਦਾ ਹੈ।
ਸੰਤ ਬਾਬਾ ਹੀਰਾ ਸਿੰਘ ਜੀ ਮਹਾਰਾਜ ਦੀ ਸਲਾਨਾ ਬਰਸੀ
ਦੇ ਸਬੰਧ ਵਿਚ ਰੱਖੇ ਗਏ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ 17 ਮੱਘਰ (2 ਦਸੰਬਰ) 2021 ਦਿਨ ਵੀਰਵਾਰ ਨੂੰ ਸਵੇਰੇ 10 ਵਜੇ ਪੈਣਗੇ। ਉਪਰੰਤ ਧਾਰਮਿਕ ਦੀਵਾਨ ਸਜਣਗੇ।
ਸੰਤ ਬਾਬਾ ਹਾਕਮ ਸਿੰਘ ਜੀ ਦੀ ਬਰਸੀ ਦੇ ਸਬੰਧ ਵਿਚ ਰੱਖੇ ਗਏ ਸ੍ਰੀ ਸਹਿਜ ਪਾਠ ਦੇ ਭੋਗ ਦੀਵਾਲੀ ਵਾਲੇ ਦਿਨ ਸਵੇਰੇ 10 ਵਜੇ ਪੈਣਗੇ।
ਸਮੂੰਹ ਸਾਧ ਸੰਗਤ ਨੂੰ ਇਨ੍ਹਾਂ ਸਮਾਗਮਾਂ ਵਿਚ ਹਾਜ਼ਰ ਹੋਣ ਦਾ ਸੱਦਾ ਦਿੱਤਾ ਜਾਂਦਾ ਹੈ।
ਬੇਨਤੀ ਕਰਤਾ : ਸੇਵਾਦਾਰ
ਬਾਬਾ ਜਸਵਿੰਦਰ ਸਿੰਘ ਜੀ ਬੱਧਨੀ ਖੁਰਦ ਵਾਲੇ
ਸੰਪਰਕ : 62800-15996
ਸੰਤ ਬਾਬਾ ਹੀਰਾ ਸਿੰਘ ਜੀ ਪ੍ਰਬੰਧਕੀ ਕਮੇਟੀ, ਖੁਖਰਾਣਾ




Scanned with CamScanner




# ਮਿੱਠੀ ਜੇਲ੍ਹ ਹੈ ਪਰਦੇਸਾਂ ਦਾ ਪਰਵਾਸ

-ਭਵਨਦੀਪ ਸਿੰਘ ਪੁਰਬਾ
ਮੁੱਖ ਸੰਪਾਦਕ: 'ਮਹਿਕ ਵਤਨ ਦੀ ਲਾਈਵ'
Ph. India 9988-92-9988, Canada 647-998-9143



ਵਿਦੇਸ਼ ਜਾਣ ਦੀ ਲਲਕ ਨੇ ਪੰਜਾਬੀਆਂ ਨੂੰ ਇੰਨਾ ਪਾਗਲ ਕਰ ਦਿੱਤਾ ਹੈ ਕਿ ਉਹ ਕੈਨੇਡਾ, ਅਮਰੀਕਾ ਤੇ ਇੰਗਲੈਂਡ ਵਰਗੇ ਦੇਸ਼ਾਂ ਵਿੱਚ ਜਾਣ ਲਈ ਅੱਡੀ-ਚੋਟੀ ਦਾ ਜ਼ੋਰ ਲਾ ਦਿੰਦੇ ਹਨ। ਏਜੰਟਾਂ ਦੇ ਵਿਖਾਏ ਸਬਜ਼ਬਾਗ ਅਤੇ ਵਿਦੇਸ਼ਾਂ ਤੋਂ ਆਏ ਐਨ.ਆਰ.ਆਈ. ਜਦ ਭਾਰਤ ਵਿੱਚ ਆ ਕੇ ਖੁੱਲ੍ਹਾ-ਡੁੱਲ੍ਹਾ ਖਰਚਾ ਕਰਦੇ ਹਨ ਤਾਂ ਭਾਰਤ ਅਤੇ ਖਾਸ ਕਰਕੇ ਪੰਜਾਬ ਦੇ ਨੌਜਵਾਨ ਵਿਦੇਸ਼ਾਂ ਵਿੱਚ ਜਾਣ ਲਈ ਤਰਲੋਮੱਛੀ ਹੋ ਜਾਂਦੇ ਹਨ।

ਉਨ੍ਹਾਂ ਨੂੰ ਇਹ ਨਹੀਂ ਪਤਾ ਹੁੰਦਾ ਕਿ ਵਿਦੇਸ਼ਾ 'ਚ ਵੱਸਦੇ ਪੰਜਾਬੀਆਂ ਦੇ ਅਸਲ ਵਿੱਚ ਹਾਲਾਤ ਕੀ ਹਨ। ਉਹ 4-5 ਹਜ਼ਾਰ ਕ੍ਰੇਡਿਟ ਚੁੱਕ ਕੇ ਪੰਜਾਬ ਦੇ ਟੂਰ 'ਤੇ ਜਾਂਦੇ ਹਨ ਤੇ ਉੱਥੇ ਜਾ ਕੇ ਉਹ ਲੱਖਾਂ ਬਣ ਜਾਂਦੇ ਹਨ, ਜਿੰਨ੍ਹਾ ਨਾਲ ਉਹ ਖੁੱਲ੍ਹਾ-ਡੁੱਲ੍ਹਾ ਖਰਚਾ ਤੇ ਐਸ਼ਪ੍ਰਸਤੀ ਕਰਦੇ ਹਨ। ਉਨ੍ਹਾਂ ਨੂੰ ਵੇਖ ਕੇ ਪੰਜਾਬੀ ਨੌਜਵਾਨ ਸੋਚਦੇ ਹਨ ਕਿ ਬਾਹਰਲੇ ਮੁਲਕਾਂ ਵਿੱਚ ਪਤਾ ਨਹੀਂ ਕਿਹੜਾ ਕੁਬੇਰ ਦਾ ਖਜਾਨਾ ਪਿਆ ਹੈ। ਪਰ ਕੈਨੇਡਾ ਵਗੈਰਾ ਦੇਸ਼ਾਂ ਵਿੱਚ ਪਹੁੰਚ ਕੇ ਹੀ ਪਤਾ ਲੱਗਦਾ ਹੈ ਕਿ ਇਹ ਦੇਸ਼ ਕਲਪਨਾ ਵਿੱਚ ਕੁਝ ਹੋਰ ਹਨ ਤੇ ਅਸਲ ਵਿੱਚ ਕੁਝ ਹੋਰ।

ਸਭ ਤੋਂ ਪਹਿਲਾਂ ਤਾਂ ਇਨ੍ਹਾਂ ਯੂਰਪੀ ਕੰਟਰੀਆਂ ਵਿੱਚ ਆਉਣਾ ਔਖਾ ਹੈ, ਫਿਰ ਇੱਥੇ ਆ ਕੇ ਕੰਮ ਲੱਭਣੇ ਔਖੇ ਹਨ ਤੇ ਜੇ ਕੰਮ ਮਿਲ ਜਾਣ ਤਾਂ ਕੰਮ ਕਰਨੇ ਔਖੇ ਹਨ। ਕੱਚੇ ਤੌਰ 'ਤੇ ਵਿਦੇਸ਼ਾਂ ਵਿੱਚ ਰਹਿ ਰਹੇ ਵਿਅਕਤੀਆਂ ਲਈ ਤਾਂ ਇਹ ਜ਼ਿਆਦਾ ਹੀ ਮੁਸ਼ਕਿਲਾਂ ਭਰਿਆ ਹੁੰਦਾ ਹੈ। ਪੰਜਾਬ ਵਾਂਗ ਕੈਨੇਡਾ ਵਰਗੇ ਦੇਸ਼ਾਂ ਵਿੱਚ ਵੀ ਲਾਲਚੀ ਏਜੰਟ ਪੰਜਾਬੀਆਂ ਦਾ ਰੱਜ ਕੇ ਸ਼ੋਸ਼ਣ ਕਰਦੇ ਹਨ। ਪੰਜਾਬੀ ਏਜੰਟ ਹੀ ਆਪਣੇ ਪੰਜਾਬੀ ਵੀਰਾਂ ਦੀ ਮਜਬੂਰੀ ਦਾ ਫਾਇਦਾ ਉਠਾਉਂਦੇ ਹੋਏ ਜੌਬ ਲੈਟਰ ਅਤੇ ਪੀ.ਆਰ੍ਹ ਕਰਵਾਉਣ ਦੇ ਝਾਂਸਿਆਂ ਵਿੱਚ ਕਈ-ਕਈ ਹਜਾਰ ਡਾਲਰ ਵਸੂਲਦੇ ਹਨ। ਸੁਨਹਿਰੇ ਭਵਿੱਖ ਦੀ ਕਲਪਨਾ 'ਚ ਵਿਅਕਤੀ ਕਈ-ਕਈ ਸਾਲ ਹੱਡ-ਭੰਨਵੀਂ ਮਿਹਨਤ ਕਰ ਕੇ ਕੀਤੀ ਸਾਰੀ ਕਮਾਈ ਏਜੰਟਾਂ ਨੂੰ ਦੇਣ ਲਈ ਮਜ਼ਬੂਰ ਹੋ ਜਾਂਦਾ ਹੈ। ਸਟੱਡੀ ਬੇਸ 'ਤੇ ਆਏ ਬੱਚਿਆਂ ਦਾ ਤਾਂ ਇੱਥੇ ਬਿਲਕੁਲ ਬੁਰਾ ਹਾਲ ਹੈ।




ਜਿਨ੍ਹਾਂ ਵਿਦਿਆਰਥੀਆਂ ਦੇ ਮਾਪੇ ਚੰਗੇ ਪੈਸੇ ਵਾਲੇ ਹਨ, ਉਹ ਤਾਂ ਐਸ਼ਾਂ ਕਰਦੇ ਹਨ ਪਰ ਆਮ ਘਰਾਂ ਦੇ ਬੱਚਿਆਂ ਦੀ ਹਾਲਤ ਤਰਸਯੋਗ ਹੈ। ਕਈ ਵਿਦਿਆਰਥੀ ਰਾਤ ਨੂੰ ਕੰਮ ਕਰਦੇ ਹਨ, ਦਿਨੇ ਕਾਲਜ ਜਾਂਦੇ ਹਨ। ਉਨ੍ਹਾਂ ਦੀਆਂ ਨੀਂਦਾਂ ਵੀ ਪੂਰੀਆਂ ਨਹੀਂ ਹੁੰਦੀਆਂ। ਮਾਪਿਆਂ ਦੇ ਦੁੱਧ ਮੱਖਣਾਂ ਨਾਲ ਪਾਲੇ ਮੁੰਡੇ-ਕੁੜੀਆਂ ਇੱਥੇ ਹੋਟਲਾਂ, ਫੈਕਟਰੀਆਂ ਆਦਿ ਵਿੱਚ ਨੌਕਰਾਂ ਵਾਂਗ ਕੰਮ ਕਰਦੇ ਹਨ। ਸੁਨਹਿਰੇ ਭਵਿੱਖ ਦੀ ਆਸ ਵਿੱਚ ਆਪਣੇ ਮਾਪਿਆਂ ਦੇ ਪਿਆਰ ਤੋਂ ਵਾਂਝੇ ਬੱਚਿਆਂ ਦੇ ਸੁਪਨੇ ਸਾਕਾਰ ਹੋਣਗੇ ਜਾਂ ਨਹੀਂ ਇਹ ਦਾ ਵਕਤ ਹੀ ਦੱਸੇਗਾ। ਜਦੋਂ ਕਦੇ ਦਿਨ, ਕਦੇ ਰਾਤ! ਕਦੀ ਕੋਈ ਕੰਮ ਅਤੇ ਕਦੇ ਕੋਈ ਕੰਮ ਕਰਕੇ ਆਪਣੇ ਮਾਤਾ-ਪਿਤਾ ਅਤੇ ਧੀਆਂ-ਪੁੱਤਰਾਂ ਤੋਂ ਦੂਰ ਹੋ ਕੇ ਕੀਤੀਆਂ ਜਾਂਦੀਆਂ ਕਮਾਈਆਂ ਅਤੇ ਵਿਛੋੜੇ ਦਾ ਦਰਦ ਝੱਲਣਾ ਪੈਂਦਾ ਹੈ ਤਾਂ ਆਪਣੇ ਸੋਹਣੇ ਦੇਸ਼ ਪੰਜਾਬ ਬਾਰੇ ਖਿਆਲ ਆਉਂਦਾ ਹੈ। ਸਾਡਾ ਰੰਗਲਾ ਪੰਜਾਬ, ਜਿਸ ਦੀ ਧਰਤੀ 'ਤੇ ਅੱਜ ਭ੍ਰਿਸ਼ਟਾਚਾਰ, ਬੇਰੁਜਗਾਰੀ, ਨਸ਼ੇ ਆਦਿ ਕੁਰੀਤੀਆਂ ਨੇ ਪੈਰ ਜਮਾਏ ਹੋਏ ਹਨ, ਇਸ ਸਭ ਦੇ ਬਾਵਜੂਦ ਵੀ ਪੰਜਾਬ ਵਿੱਚ ਕਦੇ ਕੋਈ ਭੁੱਖਾ ਨਹੀਂ ਸੌਂਦਾ। ਇੱਕ-ਇੱਕ ਆਦਮੀ ਕਮਾਈ ਕਰਕੇ ਸਾਰੇ ਟੱਬਰ ਦਾ ਪੇਟ ਪਾਲ ਸਕਦਾ ਹੈ ਪਰ ਕੈਨੇਡਾ ਵਰਗੇ ਵਿਕਸਿਤ ਦੇਸ਼ਾਂ ਵਿੱਚ ਸਾਰਾ-ਸਾਰਾ ਟੱਬਰ ਕਮਾ ਕੇ ਹੀ ਆਪਣਾ ਘਰ ਤੋਰ ਸਕਦਾ ਹੈ।



ਚਾਹੇ ਪਹਿਲਾਂ ਆਏ ਪੰਜਾਬੀਆਂ ਨੇ ਕੈਨੇਡਾ ਵਿੱਚ ਕਈ ਮੁਕਾਮ ਹਾਸਲ ਕੀਤੇ ਹਨ। ਇੱਥੇ ਪੜ੍ਹਾਈ ਕਰਕੇ ਚੰਗੀਆਂ ਨੌਕਰੀਆਂ ਲਈਆਂ ਹਨ। ਉੱਚੇ ਅਹੁਦਿਆਂ 'ਤੇ ਬਿਰਾਜਮਾਨ ਹੋਏ ਹਨ। ਆਪਣੇ ਘਰ ਤੇ ਆਪਣੇ ਬਿਜਨਸ ਕਰਜਾ ਮੁਕਤ ਕਰ ਲਏ ਹਨ ਪਰ ਅਜਿਹੇ ਪੰਜਾਬੀਆਂ ਦੀ ਗਿਣਤੀ ਬਹੁਤ ਥੋੜ੍ਹੀ ਹੈ। ਇੱਥੇ ਇਹ ਵੀ ਜਿਕਰਯੋਗ ਹੈ ਕਿ ਉਹ ਚਾਹੇ ਆਪਣੇ-ਆਪ ਨੂੰ ਪੰਜਾਬੀ ਅਖਵਾਉਂਦੇ ਹਨ ਪਰ ਉਨ੍ਹਾਂ ਦੇ ਪੋਤੇ-ਪੜੋਤੇ ਪੰਜਾਬੀ ਨਹੀਂ ਹੋਣਗੇ। ਉਹ ਆਪ ਪੰਜਾਬ ਵਿੱਚ ਗੇੜੇ ਲਾਉਣਗੇ। ਉਨ੍ਹਾਂ ਨੂੰ ਪੰਜਾਬ ਦਾ ਮੋਹ ਹੈ। ਉਨ੍ਹਾਂ ਦੇ ਧੀਆਂ-ਪੁੱਤ ਕਦੇ-ਕਦਾਈ ਪੰਜਾਬ ਵੇਖਣ ਜਾ ਸਕਦੇ ਹਨ ਪਰ ਉਨ੍ਹਾਂ ਦੇ ਪੋਤੇ-ਪੜੋਤੇ ਕਦੇ ਪੰਜਾਬ ਨਹੀਂ ਜਾਣਗੇ। ਉਹ ਕੈਨੇਡਾ ਵਿੱਚ ਜੰਮਣਗੇ, ਕੈਨੇਡਾ ਵਿੱਚ ਪੜ੍ਹਨਗੇ ਤੇ ਕੈਨੇਡਾ ਦੇ ਮਾਹੌਲ ਨੂੰ ਅਪਣਾ ਕੇ ਆਪਣੀ ਮਰਜੀ ਨਾਲ ਜ਼ਿੰਦਗੀ ਜਿਉਣਗੇ। ਉਹ ਪੰਜਾਬੀ ਨਹੀਂ ਹੋਣਗੇ, ਉਹ ਸਿਰਫ ਕੈਨੇਡੀਅਨ ਹੀ ਹੋਣਗੇ।

ਕੈਨੇਡਾ ਦੀਆਂ ਖੂਬੀਆਂ ਅਤੇ ਮੁਸ਼ਕਿਲਾਂ ਦਾ ਸਿਰਫ ਉਸ ਇਨਸਾਨ ਨੂੰ ਹੀ ਫਰਕ ਨਜ਼ਰ ਆਵੇਗਾ ਜਿਸ ਨੇ ਪੰਜਾਬ ਦੀ ਜਿੰਦਗੀ ਨੂੰ ਵੇਖਿਆ ਹੈ। ਕੈਨੇਡਾ ਵਿੱਚ ਜੰਮੇ ਬੱਚਿਆਂ ਨੂੰ ਕੀ ਪਤਾ ਕਿ ਪੰਜਾਬ ਚੰਗਾ ਹੈ ਜਾਂ ਕੈਨੇਡਾ! ਜਿਹੜੇ ਵਿਅਕਤੀ ਪੰਜਾਬ ਤੋਂ ਕਈ-ਕਈ ਮੁਸ਼ਕਲਾਂ ਝੱਲ ਕੇ ਕੈਨੇਡਾ ਪਹੁੰਚੇ ਹਨ ਤੇ ਕੈਨੇਡਾ ਜਾ ਕੇ ਕਈ-ਕਈ ਮੁਸ਼ਕਲਾਂ ਮੁਸੀਬਤਾਂ ਝੱਲ ਕੇ ਕੈਨੇਡਾ ਸੈਟਲ ਹੋਏ ਹਨ ਉਹ ਹੀ ਜਾਣਦੇ ਹਨ ਕਿ ਇਸ ਮਿਹਨਤ ਨੇ ਕੀ ਖੁਸ਼ੀਆਂ ਦਿੱਤੀਆਂ ਹਨ। ਜਿਸ ਨੂੰ ਸਭ ਕੁਝ ਕੀਤਾ-ਕਰਾਇਆ ਮਿਲ ਗਿਆ ਉਸ ਨੂੰ ਇਨ੍ਹਾਂ ਖੁਸ਼ੀਆਂ ਦਾ ਕੋਈ ਆਨੰਦ ਨਹੀਂ ਹੋਵੇਗਾ।

ਭਾਵੇਂ ਕੈਨੇਡਾ ਵਰਗੇ ਦੇਸ਼ਾਂ ਵਿੱਚ ਲੱਖ ਮੁਸੀਬਤਾਂ ਝੱਲ ਕੇ ਗੁਜਾਰਾ ਹੁੰਦਾ ਹੈ ਪਰ ਇੱਥੋਂ ਦੀਆਂ ਸੁਖ-ਸਹੂਲਤਾਂ ਅਤੇ ਆਪਣੀ ਕੀਤੀ ਮਿਹਨਤ ਦਾ ਮੁੱਲ ਵੇਖ ਕੇ ਇਹ ਦੇਸ਼ ਜਰੂਰ ਸਵਰਗਾਂ ਦਾ ਅਹਿਸਾਸ ਕਰਵਾਉਂਦੇ ਹਨ। ਇਹ ਵੀ ਇੱਕ ਸੱਚਾਈ ਹੈ ਕਿ ਕੈਨੇਡਾ ਦੀ ਮੁਸ਼ਕਲ ਭਰੀ ਜਿੰਦਗੀ ਹਰ ਕੋਈ ਬਿਆਨ ਕਰਦਾ ਹੈ ਪਰ ਪੰਜਾਬ ਨੂੰ ਵਾਪਸ ਬਹੁਤ ਘੱਟ ਲੋਕ ਮੁੜਦੇ ਹਨ। ਇਹੀ ਕਾਰਨ ਹੈ ਕਿ ਪੰਜਾਬ ਵਿੱਚ ਵੱਸਦੇ ਲੋਕ ਐਨ.ਆਰ.ਆਈਜ ਦੁਆਰਾ ਦੱਸੀਆਂ ਮੁਸ਼ਕਲਾਂ ਨੂੰ ਸੱਚ ਨਹੀਂ ਮੰਨਦੇ ਤੇ ਕਹਿੰਦੇ ਹਨ ਕਿ ਜੇਕਰ ਕੈਨੇਡਾ ਵਿੱਚ ਇੰਨੀਆਂ ਮੁਸ਼ਕਲਾਂ ਹਨ ਤਾਂ ਤੁਸੀਂ ਵਾਪਸ ਕਿਉਂ ਨਹੀਂ ਆ ਜਾਂਦੇ? ਐਨ.ਆਰ.ਆਈਜ ਕੋਲ ਇਸ ਗੱਲ ਦਾ ਕੋਈ ਜਵਾਬ ਨਹੀਂ ਹੁੰਦਾ, ਜਿਸ ਕਾਰਨ ਪੰਜਾਬ ਵਾਸੀ ਐਨ.ਆਰ.ਆਈਜ ਨੂੰ ਝੂਠਾ ਸਮਝਦੇ ਹਨ ਕਿ ਸਾਨੂੰ ਬੁਲਾਉਣ ਦੇ ਮਾਰੇ ਇਹ ਗੱਲਾਂ ਆਖਦੇ ਹਨ ਪਰ ਸਭ ਨੂੰ ਕਿੰਝ ਸਮਝਾਇਆ ਜਾਵੇ ਕਿ ਕੈਨੇਡਾ ਮਿੱਠੀ ਜੇਲ੍ਹ ਹੈ ਜਿਸ ਵਿਚੋਂ ਵਾਪਸ ਆਉਣ ਨੂੰ ਵੀ ਦਿਲ ਨਹੀਂ ਕਰਦਾ।

## ਗੁਰਮੇਲ ਸਿੰਘ ਬੌਡੇ ਦੁਆਰਾ 23-03-2002 ਤੋਂ 30-06-2015 ਤੱਕ ਰਚਿਤ ਪੁਸਤਕਾਂ...




## ਗੁਰਮੇਲ ਸਿੰਘ ਬੌਡੇ ਦੁਆਰਾ 2017 ਅਤੇ 2018 ਵਿੱਚ ਪ੍ਰਕਾਸ਼ਤ ਪੁਸਤਕਾਂ.....




Scanned with CamScanner




## 'ਮਹਿਕ ਵਤਨ ਦੀ ਲਾਈਵ' ਬਿਓਰੋ

'ਮਹਿਕ ਵਤਨ ਦੀ ਲਾਈਵ' ਮਾਸਿਕ ਮੈਗਜੀਨ

'ਮਹਿਕ ਵਤਨ ਦੀ ਲਾਈਵ' ਵੈਬ ਟੀ.ਵੀ

ਰੋਜਾਨਾ ਆਨਲਾਈਨ ਅਖਬਾਰ

ਮੁੱਖ ਸੰਪਾਦਕ: ਭਵਨਦੀਪ ਸਿੰਘ ਪੁਰਬਾ




International

ਦਿਲਚਸਪ ਅਤੇ ਗਿਆਨ ਭਰਪੂਰ ਸਮੱਗਰੀ ਲਈ

# ਮਹਿਕ ਵਤਨ ਦੀ

'Mehak Watan Di Live' ● ਲਾਈਵ

**Web TV * Monthly Magazine * Daily Online Newspaper**

ਆਪਣੇ ਸਮਾਗਮਾਂ ਨੂੰ ਦੁਨੀਆਂ ਭਰ ਵਿੱਚ ਵਸਦੇ ਦਰਸ਼ਕਾਂ ਨਾਲ ਸਾਂਝਾ ਕਰੋ!

## 'ਮਹਿਕ ਵਤਨ ਦੀ ਲਾਈਵ' ਬਿਓਰੋ ਰਾਹੀਂ...

ਆਪਣੇ ਸਮਾਗਮਾਂ ਦਾ 'ਮਹਿਕ ਵਤਨ ਦੀ ਲਾਈਵ' ਵੈਬ ਟੀ.ਵੀ. ਤੇ ਸਿੱਧਾ ਪ੍ਰਸ਼ਾਰਨ ਕਰਵਾਓ !

...ਅਤੇ ਨਾਲ ਹੀ ਆਪਣੇ ਸਮਾਗਮਾਂ ਦੀਆਂ ਖਬਰਾਂ ਅੰਤਰ-ਰਾਸ਼ਟਰੀ ਮੈਗਜੀਨ ਮਹਿਕ ਵਤਨ ਦੀ ਲਾਈਵ, ਮਹਿਕ ਵਤਨ ਦੀ ਲਾਈਵ ਵੈਬ ਟੀ.ਵੀ., ਮਹਿਕ ਵਤਨ ਦੀ ਲਾਈਵ ਰੋਜਾਨਾ ਆਨਲਾਈਨ ਅਖਬਾਰ ਅਤੇ ਮਹਿਕ ਵਤਨ ਦੀ ਲਾਈਵ ਸੋਸ਼ਲ ਮੀਡੀਆ ਸੈੱਲ ਰਾਹੀਂ ਸਭ ਨਾਲ ਸਾਝੀਆਂ ਕਰੋ।

'ਮਹਿਕ ਵਤਨ ਦੀ ਲਾਈਵ' ਆਨਲਾਈਨ ਅਖਬਾਰ, ਵੈਬ ਟੀ.ਵੀ. ਅਤੇ ਮਾਸਿਕ ਮੈਗਜੀਨ ਵਿੱਚ ਬਹੁਤ ਥੋੜੇ ਖਰਚ ਤੇ ਆਪਣੇ ਇਸ਼ਤਿਹਾਰ ਦੇ ਕੇ ਜਿਆਦਾ ਲਾਭ ਪ੍ਰਾਪਤ ਕਰੋ ਜੀ।



Chief Editor:
Bhawandeep Singh Purba

ਦਿਲਚਸਪ ਅਤੇ ਗਿਆਨ ਭਰਪੂਰ ਸਮੱਗਰੀ ਲਈ ਮਹਿਕ ਵਤਨ ਦੀ 'Mehak Watan Di Live' ● ਲਾਈਵ Web TV

ਇਸ਼ਤਿਹਾਰ ਦਾ ਫੁੱਲ ਪੈਕੇਜ ਲੈਣ ਲਈ ਵੀ ਸੰਪਰਕ ਕਰੋ!

ਪੱਤਰਕਾਰ ਬਨਣ ਲਈ ਅਤੇ ਹਰ ਪ੍ਰਕਾਰ ਦੀ ਜਾਣਕਾਰੀ ਲਈ ਸੰਪਰਕ ਕਰੋ:

**Help Line: 9988 92 9988**

www.mehakwatandilive.com

Owner, Publisher, Printer & Editor : Bhawandeep Singh Purba, Printed at : Mehak Watan Di Moga, Published from : 1195, Ajit Nagar Moga (Pb) Titel Regd No. PUNPUN 04016

Scanned with CamScanner